SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 22* Issue 150** | **Monday, August 07, 2023** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਗੰਭੀਰ ਜ਼ਖ਼ਮੀ




ਨੌਰਥ ਯੌਰਕ, 6 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਲੈਜ਼ਲੀ ਸਟਰੀਟ ਤੇ ਸ਼ੈਪਰਡ ਐਵਨਿਊ ਈਸਟ ਏਰੀਆ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।

ਰਾਤੀਂ 10:19 ਵਜੇ ਦੇ ਨੇੜੇ ਤੇੜੇ 27 ਸਾਲਾ ਮਹਿਲਾ ਲੈਜ਼ਲੀ ਸਟਰੀਟ ਦੇ ਉੱਤਰ ਵੱਲੋਂ ਮਾਜ਼ਦਾ 3 ਸੇਡਾਨ ਵਿੱਚ ਜਾ ਰਹੀ ਸੀ ਜਦੋਂ ਉਸ ਨੇ ਸ਼ੈਪਰਡ ਐਵਨਿਊ ਈਸਟ ਉੱਤੇ ਲੈਜ਼ਲੀ ਸਟਰੀਟ ਦੀ ਕਰੌਸਿੰਗ ਉੱਤੇ ਇੱਕ ਮਹਿਲਾ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਨਾਜ਼ੁਕ ਹਾਲਤ ਵਿੱਚ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ।

ਗੱਡੀ ਚਲਾ ਰਹੀ ਮਹਿਲਾ ਵੀ ਮੌਕੇ ਉੱਤੇ ਮੌਜੂਦ ਰਹੀ। ਮਾਮਲੇ ਦੀ ਜਾਂਚ ਟਰੈਫਿਕ ਸਰਵਿਸਿਜ਼ ਵੱਲੋਂ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

## ਐਰੇਟ੍ਰੀਆ ਫੈਸਟੀਵਲ ਤੋਂ ਪਹਿਲਾਂ ਹੋਟਲ ਦੇ ਬਾਹਰ ਦੋ ਧੜਿਆਂ ਵਿੱਚ ਮਾਹੌਲ ਗਰਮਾਇਆ



ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਐਤਵਾਰ ਨੂੰ ਡਾਊਨਟਾਊਨ ਟੋਰਾਂਟੋ ਦੇ ਇੱਕ ਹੋਟਲ ਦੇ ਬਾਹਰ ਉਸ ਸਮੇਂ ਮਾਹੌਲ ਤਣਾਅ ਵਾਲਾ ਬਣ ਗਿਆ ਜਦੋਂ ਸੱਭਿਆਚਾਰਕ ਫੈਸਟੀਵਲ ਐਰੇਟ੍ਰੀਆ ਦੀ ਪਾਰਟੀ ਤੋਂ ਪਹਿਲਾਂ ਹੀ ਦੋ ਧਿਰਾਂ ਵੱਲੋਂ ਹੋਟਲ ਦੇ ਬਾਹਰ ਮੁਜ਼ਾਹਰਾ ਕੀਤਾ ਗਿਆ। ਇੱਕ ਗਰੁੱਪ ਵੱਲੋਂ ਇਸ ਈਵੈਂਟ ਦੀ ਨਿਖੇਧੀ ਕੀਤੀ ਜਾ ਰਹੀ ਸੀ ਤੇ ਦੂਜੇ ਵੱਲੋਂ ਇਸ ਦਾ ਸਮਰਥਨ ਕੀਤਾ ਜਾ ਰਿਹਾ ਸੀ। ਸ਼ੈਰੇਟਨ ਸੈਂਟਰ ਟੋਰਾਂਟੋ ਹੋਟਲ ਦੇ ਬਾਹਰ ਦੋ ਧੜਿਆਂ ਦੇ ਦਰਜਨਾਂ ਸਮਰਥਕਾਂ ਦੇ ਇੱਕਠੇ ਹੋਣ ਤੋਂ ਬਾਅਦ ਹੋਟਲ ਦੇ ਚਾਰੇ ਪਾਸੇ ਭਾਰੀ ਮਾਤਰਾ ਵਿੱਚ ਪੁਲਿਸ ਅਧਿਕਾਰੀਆਂ ਤੇ ਮਾਊਂਟਿਡ ਯੂਨਿਟ ਦੇ ਮੈਂਬਰਾਂ ਨੂੰ ਤਾਇਨਾਤ ਕੀਤਾ ਗਿਆ। ਇੱਕ ਗਰੁੱਪ, ਜਿਸ ਦੇ ਮੈਂਬਰਾਂ ਨੇ ਨੀਲੇ ਰੰਗ ਦੀਆਂ ਟੀ-ਸ਼ਰਟਸ ਪਾਈਆਂ ਹੋਈਆਂ ਸਨ, ਵੱਲੋਂ ਹੋਟਲ ਨੂੰ ਪਾਰਟੀ ਕੈਂਸਲ ਕਰਨ ਲਈ ਆਖਿਆ ਜਾ ਰਿਹਾ ਸੀ। ਇਸ ਗਰੁੱਪ ਦਾ ਦਾਅਵਾ ਸੀ ਕਿ ਇਹ ਸਾਰੇ ਲੋਕ ਐਰੇਟ੍ਰੀਅਨ ਸਰਕਾਰ ਲਈ ਫੰਡ ਇੱਕਠੇ ਕਰਨ ਵਾਸਤੇ ਇਹ ਪ੍ਰੋਗਰਾਮ ਕਰਵਾ ਰਹੇ ਹਨ।

ਜ਼ਿਕਰਯੋਗ ਹੈ ਕਿ ਕਈ ਦਹਾਕੇ ਪਹਿਲਾਂ ਐਰੇਟ੍ਰੀਆ ਦੇ ਪਹਿਲੇ ਰਾਸ਼ਟਰਪਤੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਤੋਂ ਹੀ ਉੱਥੇ ਕਦੇ ਚੋਣਾਂ ਨਹੀਂ ਕਰਵਾਈਆਂ ਗਈਆਂ। ਇੱਕ ਗਰੁੱਪ ਨੇ ਦੱਸਿਆ ਕਿ ਸਰਕਾਰ ਵੱਲੋਂ ਸੀਮਤ ਆਜ਼ਾਦੀ ਹੀ ਲੋਕਾਂ ਨੂੰ ਮੁਹੱਈਆ ਕਰਵਾਈ ਜਾ ਰਹੀ ਹੈ ਤੇ ਇਸ ਦੇ ਨਾਲ ਹੀ ਫੌਜ ਵਿੱਚ ਜ਼ਬਰੀ ਭਰਤੀ ਵੀ ਕੀਤੀ ਜਾਂਦੀ ਹੈ। ਜਿਸ ਕਾਰਨ ਕਈ ਮਿਲੀਅਨ ਲੋਕ ਦੇਸ਼ ਛੱਡ ਕੇ ਜਾ ਚੁੱਕੇ ਹਨ। ਇਸ ਗਰੁੱਪ, ਯਾਫੇਤ ਦੇ ਮੈਂਬਰ ਨੇ ਦੱਸਿਆ ਕਿ ਇਸ ਪਾਰਟੀ ਦੌਰਾਨ ਇੱਕਠੇ ਹੋਣ ਵਾਲੇ ਪੈਸੇ ਨਾਲ ਦੇਸ਼ ਵਿੱਚ ਲੜਾਈਆਂ ਹੋਰ ਵਧਣਗੀਆਂ, ਬੱਚਿਆਂ ਨੂੰ ਸੈਨਿਕ ਬਣਾਇਆ ਜਾਵੇਗਾ ਤੇ ਕਈ ਹੋਰ ਗੈਰਕਾਨੂੰਨੀ ਕੰਮ ਹੋਣਗੇ।

ਇਸ ਲਈ ਯਾਫੇਤ ਤੇ ਉਸ ਦਾ ਗਰੁੱਪ ਅਰਲਸਕਰਟ ਪਾਰਕ ਵਿੱਚ ਸ਼ਨਿੱਚਰਵਾਰ ਨੂੰ ਇੱਕਠੇ ਹੋ ਕੇ ਇਸ ਈਵੈਂਟ ਨੂੰ ਕਰਵਾਏ ਜਾਣ ਦਾ ਵਿਰੋਧ ਕਰ ਰਹੇ ਸਨ। ਜਦੋਂ ਮੁਜ਼ਾਹਰਾਕਾਰੀਆਂ ਤੇ ਈਵੈਂਟ ਵਿੱਚ ਹਿੱਸਾ ਲੈਣ ਵਾਲਿਆਂ ਦਰਮਿਆਨ ਝੜਪ ਹੋਈ ਤਾਂ ਨੌਂ ਲੋਕ ਜ਼ਖ਼ਮੀ ਹੋ ਗਏ। ਹਿੰਸਾ ਭੜਕਾਉਣ ਦਾ ਦੋਸ਼ ਦੋਵਾਂ ਪਾਰਟੀਆਂ ਵੱਲੋਂ ਇੱਕ ਦੂਜੇ ਉੱਤੇ ਲਾਇਆ ਗਿਆ। ਥੋੜ੍ਹੇ ਚਿਰ ਪਿੱਛੋਂ ਚਿੱਟੇ ਰੰਗ ਦੀਆਂ ਟੀ-ਸ਼ਰਟ ਪਾ ਕੇ ਦੂਜੇ ਗਰੁੱਪ ਦੇ ਮੈਂਬਰ ਉੱਥੇ ਪਹੁੰਚ ਗਏ ਤੇ ਇਸ ਐਰੇਟੇਰੀਅਨ ਸਰਕਾਰ ਦੇ ਹੱਕ ਵਿੱਚ ਬੋਲਣ ਲੱਗੇ।

ਸ਼ਾਮੀਂ 7:00 ਵਜੇ ਜਦੋਂ ਦੋ ਮਹਿਮਾਨ ਪਾਰਟੀ ਵਿੱਚ ਹਿੱਸਾ ਲੈਣ ਲਈ ਪਹੁੰਚੇ ਤਾਂ ਮੁਜ਼ਾਹਰਾਕਾਰੀ ਉਨ੍ਹਾਂ ਦੁਆਲੇ ਇੱਕਠੇ ਹੋ ਗਏ ਤੇ ਪੁਲਿਸ ਨੇ ਮਸ਼ਾਂ ਸਾਰਿਆਂ ਨੂੰ ਖਿਲਾਰ ਕੇ ਮਹਿਮਾਨਾਂ ਨੂੰ ਹੋਟਲ ਅੰਦਰ ਭੇਜਿਆ। ਪੁਲਿਸ ਵੱਲੋਂ ਯੂਨੀਵਰਸਿਟੀ ਐਵਨਿਊ ਤੋਂ ਬੇਅ ਸਟਰੀਟ ਤੱਕ ਕੁਈਨ ਸਟਰੀਟ ਵੈਸਟ ਨੂੰ ਬਲਾਕ ਕੀਤਾ ਗਿਆ ਸੀ ਤੇ ਡੰਡਾਸ ਸਟਰੀਟ ਤੇ ਐਡੀਲੇਡ ਸਟਰੀਟ ਦਰਮਿਆਨ ਯੂਨੀਵਰਸਿਟੀ ਐਵਨਿਊ ਨੂੰ ਬੰਦ ਕੀਤਾ ਗਿਆ ਸੀ।

## ਜੀਟੀ-20 ਸੀਜ਼ਨ 3 ਦਾ ਫਾਈਨਲ ਜਿੱਤਕੇ ਮੋਂਟਰਿਆਲ ਟਾਈਗਰਜ਼ ਬਣੇ ਚੈਂਪੀਅਨ






ਜੀਟੀ-20 ਸੀਜ਼ਨ 3 ਦੇ ਬਹੁਤ ਹੀ ਰੋਮਾਂਚਕ ਫਾਈਨਲ ਮੁਕਾਬਲੇ ਵਿੱਚ ਆਖਰੀ ਬਾਲ ਤੇ ਛੱਕਾ ਮਾਰ ਕੇ ਮੋਂਟਰਿਆਲ ਟਾਈਗਰਜ਼ ਨੇ ਚੈਂਪੀਅਨਸ਼ਿਪ ਜਿੱਤ ਲਈ ਹੈ। ਸਰੀ ਜੈਗੁਆਰਜ਼ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 20 ਓਵਰਾਂ ਵਿੱਚ 130 ਦੌੜਾਂ ਬਣਾਈਆਂ । 131 ਦੇ ਟੀਚੇ ਦਾ ਪਿੱਛਾ ਕਰਦੇ ਹੋਏ ਮੋਂਟਰਿਆਲ ਦੀ ਟੀਮ ਹੌਲੀ ਖੇਡੀ ਪਰ ਮੈਚ ਵਿੱਚ ਬਣੀ ਰਹੀ। ਆਖਰੀ ਓਵਰ ਵਿੱਚ ਮੋਂਟਰਿਆਲ ਨੂੰ 13 ਦੌੜਾਂ ਦੀ ਲੋੜ ਸੀ ਅਤੇ ਐਂਡਰੇ ਰਸਲ ਨੇ ਆਪਣੀ ਟੀਮ ਨੂੰ ਇਕ ਸ਼ਾਨਦਾਰ ਜਿੱਤ ਦਵਾਈ। ਫਾਈਨਲ ਮੁਕਾਬਲੇ ਵਿੱਚ ਦਰਸ਼ਕਾਂ ਨੇ ਵੀ ਵੱਧ ਚੜਕੇ ਹਿੱਸਾ ਲਿਆ ਅਤੇ ਮੈਦਾਨ ਖਚਾ ਖਚ ਭਰਿਆ ਹੋਇਆ ਸੀ। ਖਿਡਾਰੀਆਂ ਨੇ ਵੀ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਸ਼ੈਰਫੇਨ ਰਦਰਫੋਰਡ ਮੈਨ ਆਫ ਦੀ ਮੈਚ ਅਤੇ ਮੈਨ ਔਫ ਦੀ ਸੀਰੀਜ਼ ਬਣੇ। ਹਰਸ਼ ਠਾਕਰ ਕੈਨੇਡੀਅਨ ਪਲੇਅਰ ਆਫ ਦੀ ਟੂਰਨਾਮੈਂਟ ਬਣੇ। ਸੀਜ਼ਨ 3 ਸਫਲ ਰਿਹਾ ਅਤੇ ਸੀਜ਼ਨ 4 ਹੋਰ ਵੀ ਵੱਡਾ ਅਤੇ ਵਧੀਆ ਹੋਵੇ ਇਸ ਆਸ ਨਾਲ ਫ਼ਾਈਨਲ ਦੀਆਂ ਕੁਝ ਝਲਕੀਆ ਤੁਹਾਡੇ ਨਾਲ ਸਾਂਝੀਆਂ ਕਰ ਰਹੇ ਹਾਂ। ਹੋਰ ਤਸਵੀਰਾਂ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR HOME & APPLIANCES
Don't Miss our! TENT SALE!
Upgrade your kitchen with the sleek BLACK STAINLESS-STEEL PACKAGE for
JUST $3,199.00
at Ourr Home Appliances.
Limited stock available, so hurry and grab this amazing deal today!
UPGRADE TO 36" COOKTOP IN $0
JENNAIR CAFÉ KitchenAid Electrolux LG FRIGIDAIRE elica BOSCH Whirlpool GE MAYTAG AMANA SAMSUNG VentAHood Danby
Unit #1, 241 Clarence Street, Brampton, ON, L6W 3E7, (416) 551-3343 | 44 Fasken Dr, Unit#2-9, Etobicoke, ON, M9W 5M8, (416) 792-0877 | 5781 Highway 7 Unit 10, Vaughan, ON, L4L 1T8, (416) 477-5556 | 1050 Speers Road, Oakville, ON, L6L 2X4, (416) 613-0555 | Unit #6 - 410 Lewis Road, Stoney Creek, ON, L8E 5Y7, (905) 643-0818 | Unit #4 -1540 Fanshawe Park Road West, London, ON, N6H 5L8, (519) 641-1010
416-551-5553 | www.ourrhomeappliances.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate. You're in good hands.
Insurance
'Trademark used under licence by Allstate Insurance Company. 232374 | 6-23
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਟੈਲਸ ਕਰੇਗੀ 6,000 ਮੁਲਾਜ਼ਮਾਂ ਦੀ ਛਾਂਗੀ




ਓਟਵਾ, 6 ਅਗਸਤ (ਪੋਸਟ ਬਿਊਰੋ) : ਟੈਲੀਕਮਿਊਨਿਕੇਸ਼ਨਜ਼ ਕੰਪਨੀ ਟੈਲਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ 6000 ਮੁਲਾਜ਼ਮਾਂ ਦੀ ਛਾਂਗੀ ਕੀਤੀ ਜਾ ਰਹੀ ਹੈ। ਕੰਪਨੀ ਨੇ ਸਪਸ਼ਟ ਕੀਤਾ ਕਿ ਮੁਕਾਬਲੇਬਾਜ਼ੀ ਦੇ ਇਸ ਦੌਰ ਵਿੱਚ ਉਹ ਆਪਣੇ ਕੋਲ ਖੁੱਲ੍ਹੀ ਨਕਦੀ ਚਾਹੁੰਦੀ ਹੈ ਤੇ ਇਸੇ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਵੈਨਕੂਵਰ ਸਥਿਤ ਇਸ ਕੰਪਨੀ ਨੇ ਦੱਸਿਆ ਕਿ 4000 ਮੁਲਾਜ਼ਮਾਂ ਦੀ ਛਾਂਗੀ ਮੁੱਖ ਟੈਲਸ ਬਿਜ਼ਨਸ ਵਿੱਚੋਂ ਕੀਤੀ ਜਾਵੇਗੀ ਤੇ 2000 ਮੁਲਾਜ਼ਮ ਟੈਲਸ ਇੰਟਰਨੈਸ਼ਨਲ ਤੋਂ ਛਾਂਗੇ ਜਾਣਗੇ। ਇਸ ਦੇ ਨਾਲ ਹੀ ਜਲਦ ਰਿਟਾਇਰਮੈਂਟ ਤੇ ਵਾਲੰਟਰੀ ਡਿਪਾਰ-ਚਰ ਪੈਕੇਜ ਵਰਗੀਆਂ ਪੇਸ਼ਕਸ਼ ਵੀ ਕੀਤੀਆਂ ਜਾਣਗੀਆਂ। ਫਾਇਨਾਂਸ਼ੀਅਲ ਮਾਰਕਿਟਸ ਡਾਟਾ ਫਰਮ ਰੀਫਿਨੀਟਿਵ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਅੰਤ ਵਿੱਚ ਟੈਲਸ ਕੋਲ 108,500 ਵਰਕਰਜ਼ ਸਨ।

ਕੰਪਨੀ ਦੇ ਪ੍ਰੈਜ਼ੀਡੈਂਟ ਤੇ ਚੀਫ ਐਗਜ਼ੈਕਟਿਵ ਡੈਰਨ ਐਂਟਵਿਸਲ ਨੇ ਆਖਿਆ ਕਿ ਇਹ ਕਟੌਤੀਆਂ ਬਹੁਤ ਭਾਰੀ ਮਨ ਨਾਲ ਕੀਤੀਆਂ ਜਾ ਰਹੀਆਂ ਹਨ। ਤਬਦੀਲੀ ਦੇ ਇਸ ਦੌਰ ਵਿੱਚ ਤੇ ਜਿਸ ਤਰ੍ਹਾਂ ਸਾਡੇ ਗਾਹਕ ਸਾਡੇ ਨਾਲ ਜੁੜਨਾ ਚਾਹੁੰਦੇ ਹਨ, ਉਸ ਗੱਲ ਨੂੰ ਮੁੱਖ ਰੱਖਦਿਆਂ ਸਾਨੂੰ ਹੋਰ ਮੁਹ-ਾਰਤ ਤੇ ਪ੍ਰਭਾਵਸ਼ਾਲੀ ਪਹਿਲਕਦਮੀਆਂ ਦੀ ਲੋੜ ਹੈ। ਕੰਪਨੀ ਨੇ ਦੱਸਿਆ ਕਿ ਇਸ ਤਰ੍ਹਾਂ ਰੀਸਟ੍ਰਕਚਰ ਕੀਤੇ ਜਾਣ ਨਾਲ ਟੈਲਸ ਨੂੰ 2023 ਵਿੱਚ 475 ਮਿਲੀਅਨ ਡਾਲਰ ਦਾ ਖਰਚਾ ਪਵੇਗਾ ਪਰ ਇਸ ਨਾਲ ਕੰਪਨੀ ਨੂੰ ਸਾਲ ਦੀ 325 ਮਿਲੀਅਨ ਡਾਲਰ ਦੀ ਬਚਤ ਵੀ ਹੋਵੇਗੀ।

# ਵੈਸਟਇੰਡੀਜ਼ ਨੇ ਭਾਰਤ ਨੂੰ ਦੂਜੇ ਟੀ20 ਮੁਕਾਬਲੇ ਵਿਚ 2 ਵਿਕਟਾਂ ਨਾਲ ਹਰਾਇਆ



ਗੁਆਨਾ, 6 ਅਗਸਤ (ਪੋਸਟ ਬਿਊਰੋ): ਵੈਸਟਇੰਡੀਜ਼ ਨੇ ਦੂਜੇ ਟੀ-20 ਮੈਚ ਵਿਚ ਭਾਰਤ ਨੂੰ 2 ਵਿਕਟਾਂ ਨਾਲ ਹਰਾਇਆ। ਇਸ ਨਾਲ ਟੀਮ ਇੰਡੀਆ ਪੰਜ ਮੈਚਾਂ ਦੀ ਸੀਰੀਜ਼ ਵਿਚ 2-0 ਨਾਲ ਪਿੱਛੇ ਹੋ ਗਈ ਹੈ। ਦੂਜੇ ਟੀ-20 ਵਿੱਚ ਟੀਮ ਇੰਡੀਆ ਦੇ ਕਪਤਾਨ ਹਾਰਦਿਕ ਪਾਂਡਿਆ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਭਾਰਤ ਨੇ ਵੈਸਟਇੰਡੀਜ਼ ਨੂੰ 153 ਦੌੜਾਂ ਦਾ ਟੀਚਾ ਦਿੱਤਾ, ਜਿਸ ਨੂੰ ਵਿੰਡੀਜ਼ ਦੀ ਟੀਮ ਨੇ ਆਸਾਨੀ ਨਾਲ ਹਾਸਿਲ ਕਰ ਲਿਆ।

ਟੀਚੇ ਦਾ ਪਿੱਛਾ ਕਰਨ ਉਤਰੀ ਵੈਸਟਇੰਡੀਜ਼ ਦੀ ਸ਼ੁਰੂਆਤ ਚੰਗੀ ਨਹੀਂ ਰਹੀ ਜਦੋਂ ਬਰੈਂਡਨ ਕਿੰਗ ਖਾਤਾ ਖੋਲ੍ਹੇ ਬਿਨ੍ਹਾਂ ਹੀ ਪੈਵੇਲੀਅਨ ਪਰਤ ਗਏ। ਇਸ ਤੋਂ ਬਾਅਦ ਜੌਨ ਚੈਲੇਸ 2 ਦੌੜਾਂ ਬਣਾ ਕੇ ਆਊਟ ਹੋ ਗਏ ਪਰ ਫਿਰ ਨਿਕੋਲਸ ਪੂਰਨ ਅਤੇ ਰੋਵਮੈਨ ਪਾਵੇਲ ਨੇ ਵਧੀਆ ਬੱਲੇਬਾਜ਼ੀ ਕੀਤੀ। ਪੂਰਨ ਨੇ 67 ਦੌੜਾਂ ਬਣਾਈਆਂ। ਪਾਵੇਲ ਨੇ 21 ਅਤੇ ਸ਼ਿਮਰੋਨ ਹੇਟਮਾਇਰ ਨੇ 22 ਦੌੜਾਂ ਦਾ ਯੋਗਦਾਨ ਪਾਇਆ। ਇਨ੍ਹਾਂ ਖਿਡਾਰੀਆਂ ਦੀ ਬਦੌਲਤ ਹੀ ਵੈਸਟਇੰਡੀਜ਼ ਦੀ ਟੀਮ ਮੈਚ ਜਿੱਤਣ 'ਚ ਸਫਲ ਰਹੀ।

## ਅੱਜ ਨਾਮਾ

ਫਸਿਆ ਪਾਕਿ ਵਿੱਚ ਖਾਨ ਇਮਰਾਨ ਜਿੱਦਾਂ,
ਫਸਦਾ ਦਿੱਸੇ ਪਿਆ ਡੋਨਾਲਡ ਟਰੰਪ ਬੇਲੀ।
ਪਾਰਲੀਮੈਂਟਵਿੱਚ ਭੀੜ ਗਈ ਕਰਨ ਹਮਲਾ,
ਕਰਾਉਣ ਲਈ ਕੀਤਾ ਟਰੰਪ ਸੀ ਪੰਪ ਬੇਲੀ।
ਤਿਆਗਣੀ ਪਦਵੀ ਟਰੰਪ ਨੂੰ ਪਈ ਤਦ ਵੀ,
ਤੁਰ ਗਿਆ ਉੱਖੜ ਗਏ ਵੇਖ ਸਟੰਪ ਬੇਲੀ।
ਚੱਲ ਪਈ ਆਖਰ ਸੁਣਵਾਈ ਅਦਾਲਤਾਂ ਦੀ,
ਸਕਿਆ ਇਹਦਾ ਵੀ ਮਾਰ ਨਹੀਂ ਜੰਪ ਬੇਲੀ।
ਲੱਤਾਂ-ਛੜੀਆਂ ਉਹ ਬਚਣ ਨੂੰ ਬਹੁਤ ਮਾਰੇ,
ਛੁੱਟਦੀ ਹਾਲੇ ਨਹੀਂ ਦਿੱਸੇ ਪਈ ਜਾਨ ਬੇਲੀ।
ਇਹੋ ਜਿਹਾ ਹਾਲ ਅਦਾਲਤ ਦਾ ਰਹੂ ਜੇਕਰ,
ਟਰੰਪ ਵੀ ਫਸੂ ਫਿਰ ਵਾਂਗ ਇਮਰਾਨ ਬੇਲੀ।

ਤੀਸ ਮਾਰ ਖਾਂ

# ਪੁਲਿਸ ਦੀ ਕਾਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਜ਼ਖ਼ਮੀ, ਐਸਆਈਯੂ ਕਰ ਰਹੀ ਹੈ ਜਾਂਚ




ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਸਿਟੀ ਦੇ ਪੱਛਮੀ ਸਿਰੇ ਉੱਤੇ ਸਥਿਤ ਪਾਰਕ ਵਿੱਚ ਟੋਰਾਂਟੋ ਪੁਲਿਸ ਕਾਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਮਾਮਲੇ ਦੀ ਜਾਂਚ ਓਨਟਾਰੀਓ ਪੁਲਿਸ ਵਾਚਡੌਗ (ਐਸਆਈਯੂ)ਵੱਲੋਂ ਕੀਤੀ ਜਾ ਰਹੀ ਹੈ।

ਇਹ ਘਟਨਾ ਅਰਲਸਕਰਟ ਪਾਰਕ ਦੇ ਦੱਖਣੀ ਹਿੱਸੇ ਵੱਲ ਲੈਂਸਡਾਊਨ ਐਵਨਿਊ ਤੇ ਡੇਵਨਪੋਰਟ ਰੋਡ ਨੇੜੇ ਦੁਪਹਿਰੇ 2:00 ਵਜੇ ਵਾਪਰੀ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਨੇ ਦੱਸਿਆ ਕਿ ਪੁਲਿਸ ਕਰੂਜ਼ਰ ਵੱਲੋਂ ਪਾਰਕ ਵਿੱਚ ਸੈਰ ਕਰ ਰਹੇ 30 ਸਾਲਾ ਵਿਅਕਤੀ ਨੂੰ ਟੱਕਰ ਮਾਰੀ ਗਈ। ਗੰਭੀਰ ਜ਼ਖ਼ਮੀ ਹਾਲਤ ਵਿੱਚ ਇਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਐਸਆਈਯੂ ਵੱਲੋਂ ਤਿੰਨ ਜਾਂਚਕਾਰਾਂ ਤੇ ਦੋ ਫੋਰੈਂਸਿਕ ਜਾਂਚਕਾਰਾਂ ਨੂੰ ਇਸ ਮਾਮਲੇ ਉੱਤੇ ਲਾਇਆ ਗਿਆ ਹੈ।

ਪੁਲਿਸ ਨੇ ਇਹ ਵੀ ਦੱਸਿਆ ਕਿ ਇਸ ਘਟਨਾ ਦਾ ਪਾਰਕ ਵਿੱਚ ਹੋਏ ਮੁਜ਼ਾਹਰੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਇੱਕ ਦਿਨ ਪਹਿਲਾਂ ਐਰੇਟ੍ਰੀਅਨ ਫੈਸਟੀਵਲ ਦੌਰਾਨ ਪਾਰਕ ਵਿੱਚ ਵਾਪਰੀ ਹਿੰਸਾ ਕਾਰਨ ਪੁਲਿਸ ਅਧਿਕਾਰੀ ਪਾਰਕ ਵਿੱਚ ਹੀ ਮੌਜੂਦ ਸਨ।

# ਉੱਤਰਾਖੰਡ ਵਿਚ ਜ਼ਮੀਨ ਖਿਸਕਣ ਕਾਰਨ 3 ਮੌਤਾਂ, 20 ਲਾਪਤਾ, 17 ਨੇਪਾਲੀ ਨਾਗਰਿਕ ਵੀ ਸ਼ਾਮਿਲ



ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ): ਉਤਰਾਖੰਡ ਦੇ ਗੌਰੀਕੁੰਡ ਵਿਚ ਜ਼ਮੀਨ ਖਿਸਕਣ ਕਾਰਨ 3 ਲੋਕਾਂ ਦੀ ਮੌਤ ਹੋ ਗਈ, ਜਦਕਿ 20 ਲੋਕ ਲਾਪਤਾ ਹੋ ਗਏ। ਉੱਤਰਾਖੰਡ ਦੇ ਡੀ.ਜੀ.ਪੀ. ਅਸ਼ੋਕ ਕੁਮਾਰ ਨੇ ਦੱਸਿਆ ਕਿ ਇਹ ਹਾਦਸਾ ਸ਼ੁੱਕਰਵਾਰ ਨੂੰ ਰੁਦਰਪ੍ਰਯਾਗ ਜ਼ਿਲ੍ਹੇ ਵਿਚ ਕੇਦਾਰਨਾਥ ਧਾਮ ਯਾਤਰਾ ਮਾਰਗ ’ਤੇ ਵਾਪਰਿਆ। ਬਚਾਅ ਟੀਮ ਸਰਚ ਆਪਰੇਸ਼ਨ ਚਲਾ ਰਹੀ ਹੈ। ਲਾਪਤਾ ਲੋਕਾਂ ਵਿਚੋਂ 17 ਨੇਪਾਲ ਦੇ ਨਾਗਰਿਕ ਹਨ। ਉੱਤਰਾਖੰਡ ਦੇ ਟਿਹਰੀ ਗੜ੍ਹਵਾਲ ਜ਼ਿਲੇ ਵਿਚ ਸ਼ਨੀਵਾਰ ਰਾਤ ਨੂੰ ਮੀਂਹ ਕਾਰਨ ਇਕ ਘਰ ਦੀ ਕੰਧ ਡਿੱਗ ਗਈ। ਕੰਧ ਹੇਠਾਂ ਦੱਬਣ ਨਾਲ ਦੋ ਬੱਚਿਆਂ ਦੀ ਮੌਤ ਹੋ ਗਈ। ਦੂਜੇ ਪਾਸੇ ਨੈਨੀਤਾਲ ਵਿੱਚ ਪੁਲ ਤੋਂ ਲੰਘ ਰਹੀ ਬੱਸ ਪਲਟ ਗਈ। ਬੱਸ ਵਿੱਚ ਸਵਾਰ 35 ਲੋਕਾਂ ਨੂੰ ਜੇ.ਸੀ.ਬੀ. ਨਾਲ ਬਚਾ ਲਿਆ ਗਿਆ।

ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲੇ ਵਿਚ ਐਤਵਾਰ ਸਵੇਰੇ ਵੀ ਢਿੱਗਾਂ ਡਿੱਗ ਗਈਆਂ। ਇਸ ਕਾਰਨ ਜੰਮੂ-ਸ੍ਰੀਨਗਰ ਰਾਸ਼ਟਰੀ ਰਾਜਮਾਰਗ ਨੂੰ ਟੀ-2 ਸੁਰੰਗ ਨੇੜੇ ਜਾਮ ਕਰ ਦਿੱਤਾ ਗਿਆ। ਘੰਟਿਆਂ ਦੀ ਮਿਹਨਤ ਤੋਂ ਬਾਅਦ ਪ੍ਰਸ਼ਾਸਨ ਨੇ ਮਲਬਾ ਹਟਾ ਕੇ ਸੜਕ ਨੂੰ ਆਵਾਜਾਈ ਲਈ ਖੋਲ੍ਹ ਦਿੱਤਾ।

ਮੱਧ ਪ੍ਰਦੇਸ਼ ਦੇ ਸਤਨਾ ਜ਼ਿਲੇ ਵਿਚ ਸ਼ਨੀਵਾਰ ਸ਼ਾਮ ਨੂੰ ਬਕੀਆ ਬੈਰਾਜ ਦੇ 13 ਗੇਟ ਖੋਲ੍ਹ ਦਿੱਤੇ ਗਏ। ਇਸ ਕਾਰਨ ਰੀਵਾ ਦੇ ਤਰਾਈ ਖੇਤਰਾਂ ਵਿਚ ਹੜ੍ਹ ਦਾ ਖ਼ਤਰਾ ਵਧ ਗਿਆ ਹੈ। ਇੱਥੇ ਹੋਮ ਗਾਰਡ ਅਤੇ ਐੱਸ.ਡੀ.ਆਰ.ਐੱਫ. ਦੀਆਂ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਜੀਟੀ-20 ਸੀਜ਼ਨ 3 ਦਾ ਫਾਈਨਲ ਜਿੱਤਕੇ ਮੋਂਟਰਿਆਲ ਟਾਈਗਰਜ਼ ਬਣੇ ਚੈਂਪੀਅਨ







# ਬੀ.ਐੱਸ.ਐੱਫ. ਜਵਾਨਾਂ ਨੇ ਫੜੇ 1.10 ਕਰੋੜ ਦੇ ਸੋਨੇ ਦੇ ਬਿਸਕੁਟ, ਮੋਟਰਸਾਈਕਲ 'ਤੇ ਲਿਜਾਅ ਰਿਹਾ ਸੀ ਤਸਕਰ

ਕੋਲਕਾਤਾ, 6 ਅਗਸਤ (ਪੋਸਟ ਬਿਊਰੋ): ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਵਿਚ ਬੀ.ਐੱਸ.ਐੱਫ. ਦੇ ਜਵਾਨਾਂ ਨੇ ਐਤਵਾਰ ਨੂੰ ਇੱਕ ਤਸਕਰ ਨੂੰ 15 ਸੋਨੇ ਦੇ ਬਿਸਕੁਟਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਬਿਸਕੁਟਾਂ ਦਾ ਕੁੱਲ ਵਜ਼ਨ 1831.95 ਗ੍ਰਾਮ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿਚ ਇਨ੍ਹਾਂ ਦੀ ਕੀਮਤ ਇੱਕ ਕਰੋੜ ਦਸ ਲੱਖ ਰੁਪਏ ਹੈ।

ਬੀ.ਐੱਸ.ਐੱਫ. ਮੁਤਾਬਕ ਜਵਾਨਾਂ ਨੂੰ ਖ਼ੁਫ਼ੀਆ ਵਿਭਾਗ ਤੋਂ ਸੂਚਨਾ ਮਿਲੀ ਸੀ ਕਿ ਉਨ੍ਹਾਂ ਦੇ ਇਲਾਕੇ ਵਿਚੋਂ ਸੋਨੇ ਦੀ ਤਸਕਰੀ ਹੋਣ ਵਾਲੀ ਹੈ। ਸੂਚਨਾ ਦੇ ਆਧਾਰ 'ਤੇ ਜਵਾਨਾਂ ਨੇ ਫਿਰੋਜ਼ਪੁਰ ਪਿੰਡ ਤੋਂ ਇਕ ਸ਼ੱਕੀ ਵਿਅਕਤੀ ਨੂੰ ਬਾਈਕ ਚਲਾ ਕੇ ਆਉਂਦੇ ਦੇਖਿਆ। ਜਵਾਨਾਂ ਨੇ ਉਸ ਨੂੰ ਬੋਇਰਾਘਾਟ ਸਰਹੱਦੀ ਚੌਕੀ 'ਤੇ ਰੋਕ ਲਿਆ।



ਉਸ ਕੋਲੋਂ ਸੋਨੇ ਦੀ ਤਸਕਰੀ ਬਾਰੇ ਪੁੱਛਗਿੱਛ ਕੀਤੀ। ਪੁੱਛਗਿੱਛ ਦੌਰਾਨ ਉਸ ਨੇ ਘਬਰਾ ਕੇ ਆਪਣੇ ਮੋਟਰਸਾਈਕਲ ਦੇ ਹੇਠਲੇ ਹਿੱਸੇ (ਚੇਨ ਦੇ ਢੱਕਣ ਨੇੜੇ ਕੈਵਿਟੀ) ਵਿਚ ਸੋਨਾ ਛੁਪਾਉਣ ਦੀ ਗੱਲ ਕਬੂਲੀ। ਬੀ.ਐੱਸ.ਐੱਫ. ਦੇ ਜਵਾਨਾਂ ਨੇ ਤਸਕਰ ਨੂੰ ਮੌਕੇ 'ਤੇ ਕਾਬੂ ਕਰ ਲਿਆ। ਸਰਹੱਦੀ ਚੌਕੀ 'ਤੇ ਆ ਕੇ ਜਵਾਨਾਂ ਨੇ ਬਾਈਕ ਦੇ ਉਕਤ ਹਿੱਸੇ ਨੂੰ ਖੋਲ੍ਹਿਆ ਜਿੱਥੇ ਤਸਕਰ ਨੇ ਸੋਨਾ ਰੱਖਿਆ ਹੋਇਆ ਸੀ। ਇਸ ਤੋਂ ਬਾਅਦ ਤਸਕਰ ਦਾ ਰਾਜ਼ ਖੁੱਲ੍ਹ ਗਿਆ ਅਤੇ ਸੋਨਾ ਸਾਹਮਣੇ ਆਇਆ।

ਬਾਈਕ ਦੇ ਪੁਰਜ਼ੇ ਖੋਲ੍ਹਣ 'ਤੇ ਜਵਾਨਾਂ ਨੂੰ 15 ਸੋਨੇ ਦੇ ਬਿਸਕੁਟ ਮਿਲੇ ਹਨ। ਇਹ ਸਮੱਗਲਰ ਇਹ ਸਾਰੇ ਬਿਸਕੁਟ ਬੰਗਲਾਦੇਸ਼ ਤੋਂ ਭਾਰਤ ਲਿਆ ਰਿਹਾ ਸੀ। ਗ੍ਰਿਫ਼ਤਾਰ ਕੀਤੇ ਗਏ ਤਸਕਰ ਦੀ ਪਹਿਚਾਣ ਜੈਰੁਲ ਸ਼ੇਖ ਪੁੱਤਰ ਅਮੀਰ ਹੁਸੈਨ, ਪਿੰਡ ਫਿਰੋਜ਼ਪੁਰ, ਜ਼ਿਲ੍ਹਾ ਮੁਰਸ਼ਿਦਾਬਾਦ ਵਜੋਂ ਹੋਈ ਹੈ।

# ਪਾਕਿਸਤਾਨ ਵਿਚ ਰੇਲ ਹਾਦਸੇ ਵਿਚ 30 ਲੋਕਾਂ ਦੀ ਮੌਤ, 80 ਜ਼ਖਮੀ

ਕਰਾਚੀ, 6 ਅਗਸਤ (ਪੋਸਟ ਬਿਊਰੋ): ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਵਾਬਸ਼ਾਹ ਜ਼ਿਲੇ ਵਿਚ ਐਤਵਾਰ ਦੁਪਹਿਰ ਸਮੇਂ ਹੋਏ ਰੇਲ ਹਾਦਸੇ ਵਿਚ 30 ਲੋਕਾਂ ਦੀ ਮੌਤ ਹੋ ਗਈ। 80 ਲੋਕ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚੋਂ 31 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜਾਣਕਰੀ ਮੁਤਾਬਕ ਰਾਵਲਪਿੰਡੀ ਤੋਂ ਚੱਲ ਰਹੀ ਹਜ਼ਾਰਾ ਐਕਸਪ੍ਰੈਸ ਸਹਾਰਾ ਸਟੇਸ਼ਨ ਨੇੜੇ ਪਟੜੀ ਤੋਂ ਉਤਰ ਗਈ। ਕੁਝ ਡੱਬੇ ਪਲਟ ਗਏ ਅਤੇ ਨੇੜਲੇ ਛੱਪੜ ਵਿਚ ਵੀ ਡਿੱਗ ਗਏ। ਹੁਣ ਤੱਕ 22 ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ। 31 ਲੋਕ ਗੰਭੀਰ ਜ਼ਖਮੀ ਹਨ। ਅਧਿਕਾਰੀਆਂ ਮੁਤਾਬਕ ਭਾਰੀ ਮੀਂਹ ਕਾਰਨ ਟ੍ਰੈਕ ਖ਼ਰਾਬ ਹੋ ਗਿਆ ਸੀ ਜਿਸ ਕਾਰਨ ਇਹ ਹਾਦਸਾ ਵਾਪਰਿਆ।



# ਇੰਡੀਗੋ ਦੀ ਜੈਪੁਰ-ਚੰਡੀਗੜ੍ਹ ਫਲਾਈਟ ਵਿਚ ਡੇਢ ਘੰਟੇ ਤੱਕ ਏ.ਸੀ. ਰਿਹਾ ਬੰਦ, ਟਿਸ਼ੂ ਪੇਪਰਾਂ ਨਾਲ ਪਸੀਨਾ ਪੂੰਝਦੇ ਰਹੇ ਯਾਤਰੀ

ਚੰਡੀਗੜ੍ਹ, 6 ਅਗਸਤ (ਪੋਸਟ ਬਿਊਰੋ): ਸ਼ਨੀਵਾਰ ਨੂੰ ਇੰਡੀਗੋ ਦੀ ਜੈਪੁਰ-ਚੰਡੀਗੜ੍ਹ ਫਲਾਈਟ ਵਿਚ ਏ.ਸੀ. ਪੂਰੇ ਸਫਰ ਦੌਰਾਨ ਏ.ਸੀ. ਨੇ ਕੰਮ ਨਹੀਂ ਕੀਤਾ ਅਤੇ ਯਾਤਰੀਆਂ ਨੂੰ ਪ੍ਰੇਸ਼ਾਨੀ ਝੱਲਣੀ ਪਈ। ਲੋਕ ਹੱਥ ਨਾਲ ਹਵਾ ਝਲਦੇ ਹੋਏ ਦੇਖੇ ਗਏ। ਏਅਰ ਹੋਸਟੈਸ ਨੇ ਮੁਸਾਫਰਾਂ ਨੂੰ ਪਸੀਨਾ ਪੂੰਝਣ ਲਈ ਟਿਸ਼ੂ ਪੇਪਰ ਵੰਡੇ। ਫਲਾਈਟ ਨੇ ਚੰਡੀਗੜ੍ਹ ਤੋਂ ਸਵੇਰੇ 10:17 'ਤੇ ਉਡਾਣ ਭਰੀ ਅਤੇ ਇਕ ਘੰਟੇ 22 ਮਿੰਟ ਦਾ ਸਫਰ ਪੂਰਾ ਕਰਨ ਤੋਂ ਬਾਅਦ ਲਗਭਗ 11:39 'ਤੇ ਜੈਪੁਰ ਪਹੁੰਚੀ। ਸਾਰੀ ਯਾਤਰਾ ਦੌਰਾਨ ਏ.ਸੀ. ਬੰਦ ਰਿਹਾ। ਇਸ ਘਟਨਾ ਦੀ ਵੀਡੀਓ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼ੇਅਰ ਕੀਤੀ ਹੈ।

ਉਨ੍ਹਾਂ ਲਿਖਿਆ ਕਿ ਇੰਡੀਗੋ ਦੀ 67261 ਫਲਾਈਟ ਵਿਚ ਸਫਰ ਕਰਨ ਦਾ ਤਜ਼ਰਬਾ ਬਹੁਤ ਡਰਾਉਣਾ ਸੀ। ਸਾਨੂੰ ਸੂਰਜ ਦੇ



ਹੇਠਾਂ 10-15 ਮਿੰਟਾਂ ਲਈ ਉਡੀਕ ਕਰਨ ਲਈ ਬਣਾਇਆ ਗਿਆ ਸੀ। ਇਸ ਤੋਂ ਬਾਅਦ ਜਦੋਂ ਅਸੀਂ ਜਹਾਜ਼ 'ਤੇ ਪਹੁੰਚੇ ਤਾਂ ਏ.ਸੀ. ਬੰਦ ਸੀ। ਜਹਾਜ਼ ਦੇ ਉਡਾਨ ਭਰਨ ਤੋਂ ਲੈ ਕੇ ਲੈਂਡ ਕਰਨ ਤੱਕ ਏ.ਸੀ. ਬੰਦ ਰਿਹਾ।

ਵੜਿੰਗ ਨੇ ਲਿਖਿਆ ਹੈ ਕਿ ਕਿਸੇ ਨੇ ਵੀ ਸਥਿਤੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਯਾਤਰੀਆਂ ਖਾਸ ਕਰ ਕੇ ਬੱਚੇ ਅਤੇ ਔਰਤਾਂ ਗਰਮੀ ਕਾਰਨ ਬੇਚੈਨ ਹੋ ਰਹੇ ਸਨ। ਇਹ ਇੱਕ ਵੱਡੀ ਤਕਨੀਕੀ ਸਮੱਸਿਆ ਸੀ, ਪਰ ਏਅਰਲਾਈਨਜ਼ ਅਧਿਕਾਰੀਆਂ ਨੇ ਪੈਸੇ ਕਮਾਉਣ ਲਈ ਯਾਤਰੀਆਂ ਦੀ ਸਿਹਤ ਅਤੇ ਆਰਾਮ ਦਾਅ 'ਤੇ ਲਗਾ ਦਿੱਤਾ।

ਉਨ੍ਹਾਂ ਨੇ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.) ਅਤੇ ਏਅਰਪੋਰਟ ਅਥਾਰਟੀ ਆਫ਼ ਇੰਡੀਆ (ਏ.ਏ.ਆਈ.) ਤੋਂ ਮੰਗ ਕੀਤੀ ਹੈ ਕਿ ਇੰਡੀਗੋ ਖਿਲਾਫ਼ ਕਾਰਵਾਈ ਕੀਤੀ ਜਾਵੇ।

VENUE
HEART LAKE CONVERSATION PARK
SITE - LAKEMOUNT 4
Address: 10818 Heart Lake Rd,
Brampton, ON L6Z 0B3



Samrai Picnic
AUGUST 6, 2023

ਪਿੰਡ ਸਮਰਾਏ ਦੇ ਵਾਸੀਆਂ ਵਲੋਂ
6 ਅਗਸਤ ਨੂੰ ਪਿਕਨਿੱਕ

ਪਿੰਡ ਸਮਰਾਏ ਦੇ ਸਮੂਹ ਵਾਸੀਆਂ ਵਲੋਂ ਆਪਣੀ ਸਲਾਨਾ ਪਿਕਨਿਕ 06 ਅਗਸਤ ਦਿਨ ਐਤਵਾਰ ਨੂੰ ਹਾਰਟ ਲੇਕ ਕੰਜ਼੍ਰਵੇਸ਼ਨ ਪਾਰਕ ਵਿਖੇ ਠੀਕ ਦੁਪਿਹਰ 11 ਵਜ ਤੋਂ ਸ਼ਾਮ 6 ਵਜੇ ਤੱਕ ਮਨਾਈ ਜਾ ਰਹੀ ਹੈ । ਇਸ ਦੌਰਾਨ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਮਨੋਰੰਜਕ ਖੇਡਾਂ ਕਰਵਾਈਆਂ ਜਾਣਗੀਆਂ ਜਿਹਨਾਂ ਵਿਚ ਲੇਡੀਜ਼ ਲਈ 50 ਮੀਟਰ ਦੌੜ, ਬੋਰੀ ਰੇਸ ਅਤੇ ਤਿੰਨ ਟੰਗੀ ਰੇਸ ਵੀ ਸ਼ਾਮਲ ਹਨ । ਪ੍ਰਬੰਧਕਾਂ ਵਲੋਂ ਜੀਟੀਏ ਵਿਚ ਵੱਸਦੇ ਸਮੂਹ ਸਮਰਾਏ ਪਿੰਡ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਪਰਿਵਾਰਾਂ ਸਮੇਤ ਇਸ ਪਰਿਵਾਰਕ ਪਿਕਨਿਕ ਵਿਚ ਸ਼ਾਮਲ ਹੋਣ ਅਤੇ ਆਪਣੇ ਪਿੰਡ ਨਾਲ ਜੁੜੀਆਂ ਯਾਦਾਂ ਨੂੰ ਤਾਜਾ ਕਰਨ ।



People of Village. Samrai has organised a Picnic on **August 06, 2023, Sunday from 11 am to 6 pm.**
In the park various activities will be played such as **50 meter race, sack race, 3-legged race.**
We request you to accompany your childrens, parents, grandparents with you to recall old memories.

ਪਿਕਨਿੱਕ ਬਾਰੇ ਜਿਆਦਾ ਜਾਨਕਾਰੀ ਲਈ ਸੁਰਜੀਤ ਸਮਰਾ 289-828-2117, ਅਮਰਜੀਤ ਸਮਰਾ 416-939-8292 ਜਾਂ ਮੋਹੀਂਦਰ ਸਮਰਾ 416-271-8477 ਨੂੰ ਸੰਪ੍ਰਕ ਕੀਤਾ ਜਾ ਸਕਦਾ ਹੇ।

Office: 416-654-1010


Sutton

Sutton Group Security Real Estate Brokerage
2700 Dufferin St #47, Toronto ON M6B4J3



"For all your real estate needs"

Anabela Serra
Sales Representative
416-400-5825
anabelserra75@gmail.com



$1,149,000

98 JOHN ST E
Bradford West Gwillimbury, Ontario L3Z1G4

A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters


97 JOHN ST E
Bradford West Gwillimbury, Ontario L3Z2B5



$1,089,000

A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8



$799,000

**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0



$799,000

Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.


2217 VICTORIA ST
Innisfil, Ontario L9S1A8



$499,000

Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.

# ਰਾਜਨੀਤਕ ਲੋੜਾਂ ਜਾਂ ਅਪਰਾਧੀ ਟੋਲਿਆਂ ਦੇ ਭੜਕਾਏ ਦੰਗੇ ਫਿਰ ਕਾਬੂ ਨਹੀਂ ਰਹਿੰਦੇ ਹੁੰਦੇ



ਜਤਿੰਦਰ ਪੰਨੂ

ਇਹ ਗੱਲ ਬਹੁਤ ਸਾਰੇ ਵਿਦਵਾਨਾਂ ਤੇ ਸਮਾਜ ਵਿਗਿਆਨੀਆਂ ਨੇ ਕਈ ਵਾਰੀ ਕਹੀ ਹੋਈ ਹੈ ਕਿ ਦੰਗਾ ਆਮ ਤੌਰ ਉੱਤੇ ਹੁੰਦਾ ਨਹੀਂ, ਕਿਸੇ ਖਾਸ ਮਕਸਦ ਲਈ ਕਰਵਾਇਆ ਜਾਂਦਾ ਹੈ। ਦੰਗੇ ਕਰਵਾਉਣ ਦਾ ਮਕਸਦ ਕੋਈ ਸਿਆਸੀ ਲੋੜ ਵੀ ਹੋ ਸਕਦੀ ਹੈ, ਜਿਸ ਵਿੱਚ ਕੋਈ ਚੋਣ ਜੰਗ ਜਿੱਤਣਾ ਸ਼ਾਮਲ ਹੁੰਦਾ ਹੈ। ਇੱਕ ਧਰਮ ਉੱਪਰ ਦੂਸਰੇ ਧਰਮ ਦਾ ਦਬਦਬਾ ਬਣਾਉਣਾ ਵੀ ਹੋ ਸਕਦਾ ਹੈ, ਜਿਸ ਦੇ ਪਿੱਛੇ ਸਿਰਫ ਆਪਣਾ ਧਰਮ ਚੰਗੇਰਾ ਅਤੇ ਦੂਸਰੇ ਸਾਰੇ ਧਰਮ ਨਿਕੰਮੇ ਅਤੇ ਗਲਤ ਸੋਚਣ ਦੀ ਧਾਰਨਾ ਹੋ ਸਕਦੀ ਹੈ। ਇਨ੍ਹਾਂ ਤੋਂ ਸਿਵਾ ਲਗਭਗ ਹਰ ਦੰਗੇ ਪਿੱਛੇਕੁਝ ਨਾ ਕੁਝ ਮਾਇਆ ਦੇ ਲਾਲਚੀ ਲੋਕਾਂ ਦੀ ਅਪਰਾਧੀ ਮਾਨਸਿਕਤਾ ਵੀ ਕੰਮ ਕਰਦੀ ਹੁੰਦੀ ਹੈ, ਜਿਹੜੇ ਆਮ ਲੋਕਾਂ ਦੀਆਂ ਲਾਸ਼ਾਂ ਉੱਤੇ ਲੋਭ ਤੇ ਹਵਸ ਵਾਲੀਆਂ ਅੱਖਾਂ ਗੱਡੀ ਰੱਖਦੇ ਹਨ। ਦੰਗਿਆਂ ਵਿੱਚ ਕੁਝ ਲੋਕ ਮਾਰੇ ਜਾਣ ਜਾਂ ਕੁਝ ਲੋਕ ਡਰਦੇ ਉਹ ਜਗ੍ਹਾ ਛੱਡ ਕੇ ਕਿਸੇ ਹੋਰ ਪਾਸੇ ਚਲੇ ਜਾਣ ਤਾਂ ਇਨ੍ਹਾਂ ਲੋਕਾਂ ਨੂੰ ਕੌਡੀਆਂ ਦੇ ਭਾਅ ਜਾਇਦਾਦਾਂ ਹੜੱਪਣ ਤੇ ਮਹਿਗੇ ਭਾਅ ਵੇਚਣ ਦਾ ਮੌਕਾ ਮਿਲਦਾ ਹੈ। ਉਜਾੜੇ ਦੇ ਢੇਰਾਂ ਦਾ ਮਲਬਾ ਚੁੱਕਣ ਤੋਂ ਵੀ ਉਹ ਕਮਾਈ ਦੀ ਕੋਸ਼ਿਸ਼ ਕਰਦੇ ਹਨ ਤੇ ਕਈ ਵਾਰੀ ਇਸ ਵਿੱਚ ਸਫਲ ਹੋ ਜਾਂਦੇ ਹਨ ਅਤੇ ਫਿਰ ਓਥੋਂ ਉਜਾੜੇ ਗਏ ਲੋਕਾਂ ਦੇ ਮੁੜ-ਵਸੇਬੇ ਦੇ ਨਾਂਅ ਉੱਤੇ ਬਣਦੇ ਪ੍ਰਾਜੈਕਟਾਂ ਤੋਂ ਆਪਣੀਆਂ ਜੇਬਾਂ ਭਰਨ ਦੀਆਂ ਚਾਲਾਂ ਚੱਲਦੇ ਹਨ। ਦਿੱਲੀ ਵਿੱਚਅਸੀਂਇਹੋ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ ਖ਼ੂਨ-ਖਰਾਬੇ ਕਾਰਨ ਓਥੋਂ ਘਰ-ਬਾਰ ਛੱਡ ਕੇ ਨਿਕਲ ਗਏ ਪਰਵਾਰਾਂ ਦੀਆਂ ਜਾਇਦਾਦਾਂ ਦੇ ਮਾਮਲੇ ਵਿੱਚ ਹੁੰਦਾ ਸੁਣਿਆ ਸੀ, ਗੁਜਰਾਤ ਦੇ ਜਿਨ੍ਹਾਂ ਪਰਵਾਰਾਂ ਦੇ ਘਰਾਂ ਦੇ ਜੀਅ ਮਾਰੇ ਜਾਣ ਪਿੱਛੋਂ ਉਨ੍ਹਾਂ ਨੂੰ ਘਰ ਛੱਡਣ ਨੂੰ ਮਜਬੂਰ ਹੋਣਾ ਪਿਆ, ਉਨ੍ਹਾਂ ਬਾਰੇ ਵੀ ਏਦਾਂ ਦੀਆਂ ਕਹਾਣੀਆਂ ਸੁਣੀਆਂ ਤੇ ਪੜ੍ਹੀਆਂ ਸਨ। ਕੋਈ ਦੰਗਾ-ਫਸਾਦ ਇਹੋ ਜਿਹਾ ਹੁੰਦਾ ਅਸੀਂ ਨਹੀਂ ਵੇਖਿਆ, ਜਿਸ ਵਿੱਚ ਇਸ ਤਰ੍ਹਾਂ ਮਨੁੱਖੀ ਲਾਸ਼ਾਂ ਉੱਤੇ ਝਪਟਣ ਲਈ ਮਨੁੱਖੀ-ਰੂਪ ਵਿੱਚ ਫਿਰਦੀਆਂ ਗਿਰਝਾਂ ਤਿਆਰ ਨਾ ਰਹਿੰਦੀਆਂ ਹੋਣ।

ਬੀਤੇ ਦਿਨੀਂ ਦੰਗਿਆਂ ਦੇ ਦੋ ਕਾਂਡਅਸੀਂ ਫਿਰ ਵੇਖੇ ਹਨ। ਇੱਕ ਦੰਗਾ ਭਾਰਤ ਦੇ ਉੱਤਰ-ਪੂਰਬੀ ਰਾਜ ਮਨੀਪੁਰ ਵਿੱਚ ਵਾਪਰਿਆ ਹੈ, ਜਿੱਥੇ ਭਾਰੂ ਗਿਣਤੀ ਵਾਲਿਆਂ ਨੇ ਘੱਟ-ਗਿਣਤੀ ਵਾਲੇ ਕਬੀਲੇ ਦੇ ਲੋਕਾਂ ਦੇ ਆਹੂ ਲਾਹੇ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨਾਲ ਜੱਗੋਂ-ਤੇਰ੍ਹਵਾਂ ਅਨਰਥ ਕੀਤਾ ਸੀ। ਉਸ ਰਾਜ ਦਾ ਮੁੱਖ ਮੰਤਰੀ ਬੇਸ਼ਰਮੀ ਨਾਲ ਉਸ ਦੰਗੇ ਮੌਕੇ ਬਣੀਆਂ ਅਤੇ ਵਾਇਰਲ ਹੋਈਆਂ ਵਹਿਸ਼ੀਪੁਣੇ ਦੀਆਂ ਵੀਡੀਓ ਬਾਰੇ ਇਹ ਕਹਿੰਦਾ ਨਹੀਂ ਝਿਜਕਿਆ ਕਿ ਸਾਡੇ ਰਾਜ ਵਿੱਚ ਏਦਾਂ ਦੀਆਂ ਸੈਂਕੜੇ ਵੀਡੀਓ ਬਣੀਆਂ ਹੋਈਆਂ ਹਨ, ਤੁਸੀਂ ਦੋ-ਚਾਰ ਦੀ ਗੱਲ ਕਰਦੇ ਹੋ। ਜਦੋਂ ਇਸ ਦੰਗੇ ਬਾਰੇ ਦੁਨੀਆ ਭਰ ਵਿੱਚ ਰੌਲਾ ਪੈਂਦਾ ਸੁਣਦਾ ਸੀ, ਓਦੋਂ ਮਨੀਪੁਰ ਦਾ ਇੱਕ ਥਾਣਾ ਲੁੱਟਣ ਦਾ ਜਿਹੜਾ ਕੇਸ ਦਰਜ ਹੋਇਆ, ਉਸ ਵਿੱਚ ਲੁੱਟੇ ਗਏ ਹਥਿਆਰਾਂ ਦਾ ਵੇਰਵਾ ਏਨਾ ਵੱਡਾ ਸੀ ਕਿ ਇੱਕ ਫੌਜੀ ਕੰਪਨੀਜੋਗੇ ਹਥਿਆਰ ਦੰਗਿਆਂਦੇ ਦੋਸ਼ੀ ਲੁੱਟ ਲੈ ਗਏ ਜਾਪਦੇ ਹਨ। ਨਾਲ ਇਹ ਖਬਰਾਂ ਵੀ ਸਨ ਕਿ ਕਤਲ ਜਾਂ ਜ਼ਲੀਲ ਕੀਤੇ ਕਈ ਪਰਵਾਰਾਂ ਦੇ ਜਿਹੜੇ ਲੋਕ ਓਥੋਂ ਨਿਕਲ ਗਏ ਸਨ, ਉਨ੍ਹਾਂ ਘਰਾਂ ਉੱਤੇ ਦੰਗੇ ਦੌਰਾਨ ਕੁਝ ਲੋਕਾਂ ਨੇ ਕਬਜ਼ੇ ਜਾ ਕੀਤੇ ਸਨ। ਇਹ ਸਭ ਕੁਝ ਓਦੋਂ ਹੋਇਆ, ਜਦੋਂ ਦੇਸ਼ ਦੀ ਸੁਪਰੀਮ ਕੋਰਟ ਖੁਦ ਇਸ ਘਟਨਾ ਕਰਮ ਦੀ ਸੁਣਵਾਈ ਦੌਰਾਨ ਸਖਤ ਟਿਪਣੀਆਂ ਕਰਦੀ ਪਈ ਸੀ।

ਦੂਸਰਾ ਕੇਸ ਪੰਜਾਬ ਦੇ ਗਵਾਂਢ ਹਰਿਆਣੇ ਦਾ ਹੈ, ਜਿੱਥੇ ਕੋਈ ਨੂਹ ਵਿੱਚ ਦੰਗਾ ਹੋਇਆ ਕਹਿੰਦਾ ਰਿਹਾ ਤੇ ਕੋਈ ਹੋਰ ਮੇਵਾਤ ਵਿੱਚ ਦੰਗਾ ਕਹਿੰਦਾ ਸੀ। ਮੇਵਾਤ ਸਾਡੇ ਮਾਲਵੇ ਵਾਂਗ ਇੱਕ ਖੇਤਰ ਹੈ, ਜਿਹੜਾ ਰਾਜਸਥਾਨ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚਾਲੇ ਫੈਲਿਆ ਹੋਇਆ ਹੈ, ਪਰ ਵਿਚਕਾਰਲਾ ਹਿੱਸਾ ਹਰਿਆਣੇ ਵਿੱਚ ਹੋਣ ਕਾਰਨ ਹਰਿਆਣਾ ਸਰਕਾਰ ਨੇ ਸਾਲ 2005 ਵਿੱਚ ਓਥੇ ਮੇਵਾਤ ਨਾਂਅ ਦਾ ਜ਼ਿਲਾ ਬਣਾ ਦਿੱਤਾ ਸੀ। ਭਾਜਪਾ ਦੀ ਸਰਕਾਰ ਬਣ ਜਾਣ ਦੇ ਬਾਅਦ ਸਾਲ 2016 ਵਿੱਚ ਉਸੇ ਦਾ ਨਾਂਅ ਬਦਲ ਕੇ ਮੇਵਾਤ ਖੇਤਰ ਦੇ ਇੱਕ ਕਸਬੇ ਨੂਹ ਦੇ ਨਾਂਅ ਉੱਤੇ ਜ਼ਿਲਾ ਬਣਾ ਦਿੱਤਾ ਗਿਆ ਸੀ, ਪਰ ਵਿਕਾਸ ਕੋਈ ਨਹੀਂ ਹੋਇਆ। ਸਾਲ 2018 ਵਾਸਤੇ ਭਾਰਤ ਦੇ ਨੀਤੀ ਆਯੋਗ ਨੇ ਜਿਹੜੀ ਰਿਪੋਰਟ ਪੇਸ਼ ਕੀਤੀ, ਉਸ ਮੁਤਾਬਕ ਭਾਰਤ ਦੇ ਕੁੱਲ 739 ਜ਼ਿਲਿਆਂ ਵਿੱਚੋਂ ਸਭ ਤੋਂ ਪਛੜਿਆ ਹੋਇਆ ਜ਼ਿਲਾ ਨੂਹ ਦਾ ਸੀ, ਜਿੱਥੇ ਪਿਛਲੇ ਹਫਤੇ ਦੰਗਾ-ਫਸਾਦ ਹੋਇਆ ਤੇ ਕਈ ਲੋਕ ਮਾਰੇ ਜਾਣ ਦੇ ਇਲਾਵਾ ਬਹੁਤ ਸਾਰੀਆਂ ਗੱਡੀਆਂ ਅਤੇ ਘਰਾਂ ਦੀ ਸਾੜ-ਫੂਕ ਹੁੰਦੀ ਰਹੀ ਸੀ। ਇਸ ਦੌਰਾਨ ਇਹ ਖਬਰ ਆਈ ਕਿ ਦੰਗਾ ਕਰਨ ਵਾਲੀ ਭੀੜ ਨੇ ਇਸ ਮੌਕੇ ਇੱਕ ਥਾਣਾ ਸਾੜ ਦਿੱਤਾ ਸੀ, ਪਰ ਇਹ ਗੱਲ ਨਹੀਂ ਦੱਸੀ ਗਈ ਕਿ ਉਹ ਥਾਣਾ ਸਧਾਰਨ ਨਹੀਂ, ਅਜੋਕੇ ਦੌਰ ਵਿੱਚ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਜੁਰਮਾਂ ਨਾਲ ਨਜਿੱਠਣ ਵਾਲਾ ਸਾਈਬਰ ਕਰਾਈਮ ਵਿਰੋਧੀ ਵਿਸ਼ੇਸ਼ ਥਾਣਾ ਸੀ। ਭੀੜ ਨੇ ਓਦੋਂ ਉਹ ਥਾਣਾ ਕਿਉਂ ਸਾੜਿਆ, ਇਸ ਦੇ ਪਿੱਛੇ ਛੁਪੀ ਅਪਰਾਧਕ ਗੰਭੀਰਤਾ ਵੀ ਬਹੁਤੇ ਲੋਕਾਂ ਨੂੰ ਸਮਝਨਹੀਂ ਸੀ ਪੈ ਸਕੀ।

ਅਸੀਂ ਲੋਕ ਜਾਣਦੇ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਭਾਰਤ ਵਿੱਚ ਵੀ ਅਤੇ ਭਾਰਤ ਤੋਂ ਬਾਹਰ ਵੀ ਜੇ ਕਿਸੇ ਨੂੰ ਫੋਨ ਕਰ ਕੇ ਕੋਈ ਠੱਗੀ ਕੀਤੀ ਜਾਂਦੀ ਸੀ, ਆਮ ਕਰ ਕੇ ਉਸ ਤੋਂ ਵੇਰਵੇ ਪੁੱਛ ਕੇ ਉਸ ਦਾ ਬੈਂਕ ਖਾਤਾ ਖਾਲੀ ਕਰਨ ਦੀ ਠੱਗੀ ਹੁੰਦੀ ਸੀ ਤਾਂ ਅਪਰਾਧੀਆਂ ਦੀ ਪੈੜ ਬਹੁਤੀ ਵਾਰੀ ਝਾਰਖੰਡ ਰਾਜ ਦੇ ਜਾਮਤਾਰਾ ਕਸਬੇ ਤੱਕ ਪਹੁੰਚਦੀ ਸੀ। ਜਾਮਤਾਰਾ ਦੀ ਬਦਨਾਮੀ ਏਨੀ ਹੋਈ ਕਿ ਓਥੋਂ ਵਾਲੇ ਆਮ ਲੋਕ ਵੀ ਉਹ ਸ਼ਹਿਰ ਛੱਡਣ ਲੱਗ ਪਏ ਅਤੇ ਏਦਾਂ ਦੇ ਜੁਰਮ ਕਰਦੇ ਦੋਸ਼ੀਆਂ ਨੇ ਵੀ ਉਹ ਕਸਬਾ ਛੱਡ ਕੇ ਭਾਰਤ ਵਿੱਚ ਹੋਰ ਥਾਂਈਂ ਅੱਡੇ ਜਾ ਬਣਾਏ ਸਨ। ਥੋੜ੍ਹੇ ਚਿਰ ਪਿੱਛੋਂ ਪਤਾ ਲੱਗਾ ਕਿ ਉੱਤਰੀ ਭਾਰਤ ਵਿੱਚਜਦੋਂ ਵੀ ਕਿਸੇ ਨਾਲ ਠੱਗੀ ਹੁੰਦੀ ਹੈਅਤੇ ਜੇ ਪੁਲਸ ਪਿੱਛਾ ਕਰਨ ਲੱਗਦੀ ਹੈ ਤਾਂ ਪੈੜ ਹਰਿਆਣੇ ਦੇ ਮੇਵਾਤ ਇਲਾਕੇ ਵਿੱਚ ਪਹੁੰਚਦੀ ਹੈ, ਏਸੇ ਮੇਵਾਤ ਇਲਾਕੇ ਵਿੱਚ, ਜਿੱਥੇ ਪਿਛਲੇ ਦਿਨੀਂ ਦੰਗੇ-ਫਸਾਦ ਦੌਰਾਨ ਸਾਈਬਰ ਕਰਾਈਮ ਥਾਣਾ ਸਾੜਿਆ ਗਿਆ ਸੀ। ਉਸ ਇਲਾਕੇ ਵਿੱਚ ਪੁਲਸ ਦੇ ਹੋਰ ਥਾਣੇ ਤੇ ਦਫਤਰ ਵੀ ਸਨ, ਪਰ ਦੰਗਿਆਂ ਦੌਰਾਨ ਹਮਲਾ ਸਿਰਫ ਸਾਈਬਰ ਕਰਾਈਮ ਥਾਣੇ ਉੱਤੇ ਕੀਤਾ ਜਾਣਾ ਦੱਸਦਾ ਹੈ ਕਿ ਇਸ ਪਿੱਛੇ ਸਾਈਬਰ ਅਪਰਾਧੀਆਂ ਦੇ ਕਿਸੇ ਗੈਂਗ ਦਾ ਹੱਥ ਵੀ ਹੋ ਸਕਦਾ ਹੈ, ਤਾਂ ਕਿ ਅੱਜ ਤੱਕ ਨੰਗੇ ਹੋਏ ਸਾਈਬਰ ਜੁਰਮਾਂ ਦਾ ਰਿਕਾਰਡ ਨਸ਼ਟ ਕਰਨ ਲਈ ਦੰਗਿਆਂ ਦੇ ਮੌਕੇ ਨੂੰਵਰਤਿਆ ਜਾ ਸਕੇ। ਹੈਰਾਨੀ ਦੀ ਗੱਲ ਸਿਰਫ ਇਹ ਨਹੀਂ ਕਿ ਇਸ ਦੇ ਪਿੱਛੇ ਸਾਈਬਰ ਅਪਰਾਧੀਆਂ ਦਾ ਹੱਥ ਹੋ ਸਕਦਾ ਹੈ, ਸਗੋਂ ਇਹ ਵੀ ਹੈ ਕਿ ਇਹ ਗੱਲ ਸਰਕਾਰੀ ਤੌਰ ਉੱਤੇ ਖੁੱਲ੍ਹ ਕੇ ਪੇਸ਼ ਨਹੀਂ ਕੀਤੀ ਗਈਅਤੇ ਇਹ ਗੱਲ ਇਸ ਤਰ੍ਹਾਂ ਆਮ ਲੋਕਾਂ ਤੋਂ ਲੁਕੀ ਰਹੀ, ਜਿੱਦਾਂ ਕੋਈ ਬਹੁਤ ਵੱਡਾ ਸਰਕਾਰੀ ਭੇਦ ਖੁੱਲ੍ਹ ਜਾਣ ਦਾ ਡਰ ਹੋਵੇ। ਆਖਰ ਕੋਈ ਤਾਂ ਹੈ, ਜਿਹੜਾ ਸਾਈਬਰ ਅਪਰਾਧੀਆਂ ਅਤੇ ਫਿਰਕੂ ਦੰਗਾ ਕਰਨ ਵਾਲਿਆਂ ਦੇ ਗੱਠਜੋੜ ਨੂੰ ਲੁਕਾਉਣਾ ਚਾਹੁੰਦਾ ਹੈ।

ਤੀਸਰਾ ਪੱਖ ਫਿਰ ਆ ਜਾਂਦਾ ਹੈ ਹਰਿਆਣੇ ਦੇ ਇਸ ਘਟਨਾ ਕਰਮ ਦੀ ਜੜ੍ਹ ਮੰਨੀ ਜਾਂਦੀ ਫਿਰਕਾਪ੍ਰਸਤੀ ਤੇ ਉਸ ਨਾਲ ਜੁੜੀ ਹੋਈ ਰਾਜਨੀਤੀ ਦਾ। ਕਦੀ ਮੇਵਾਤ ਇਲਾਕੇ ਵਿੱਚ ਮਿਓ ਮੁਸਲਮਾਨਾਂ ਦੀ ਵੱਡੀ ਗਿਣਤੀ ਹੋਇਆ ਕਰਦੀ ਸੀ। ਜਦੋਂ ਪਾਕਿਸਤਾਨ ਬਣਿਆ ਤਾਂ ਬਹੁਤ ਸਾਰੇ ਮਿਓ ਮੁਸਲਮਾਨ ਓਥੇ ਚਲੇ ਗਏ ਸਨ। ਜਿਨ੍ਹਾਂ ਲੋਕਾਂ ਨੇ ਇਸਲਾਮੀ ਦੇਸ਼ ਵੱਲ ਜਾਣ ਦੀ ਥਾਂ ਧਰਮ ਨਿਰਪੱਖ ਭਾਰਤ ਵਿੱਚ ਰਹਿਣਾ ਚਾਹਿਆ, ਉਨ੍ਹਾਂ ਦਾ ਏਥੇ ਰਹਿਣਾ ਉਸ ਖੇਤਰ ਦੀ ਹਿੰਦੂ ਬਹੁ-ਗਿਣਤੀ ਦੀ ਰਾਜਨੀਤੀ ਕਰਦੇ ਲੋਕਾਂ ਨੂੰ ਪਸੰਦ ਨਹੀਂ ਸੀ, ਇਸ ਲਈ ਉਨਾਂ ਉੱਤੇ ਏਦਾਂ ਹਮਲੇ ਕੀਤੇ ਜਾਣ ਲੱਗੇ ਕਿ ਉਹ ਆਪਣੇ ਲਈ ਹੋਰ ਇਲਾਕਿਆਂ ਵਾਲੇ ਆਪਣੇ ਦੀਨੀ ਭਾਈਆਂ ਦਾ ਆਸਰਾ ਭਾਲਣ ਲੱਗ ਪਏ। ਉਸ ਦੌਰ ਵਿੱਚ ਉਸ ਖੇਤਰ ਦੀਆਂ ਹਿੰਦੂ ਰਿਆਸਤਾਂ ਦੇ ਰਾਜਿਆਂ ਵੱਲੋਂ ਵੀ ਮੁਸਲਮਾਨਾਂ ਉੱਤੇ ਹਮਲੇ ਕਰਨ ਵਾਲਿਆਂ ਨਾਲ ਹੱਥ ਮਿਲਾ ਲੈਣ ਨੇ ਇਸ ਖੇਤਰ ਵਿੱਚ ਓਦੋਂ ਤੋਂ ਏਦਾਂ ਦਾ ਜ਼ਹਿਰ ਬੀਜਿਆ ਪਿਆ ਹੈ ਕਿ ਅੱਜ ਤੱਕ ਕਿਸੇ ਵੇਲੇ ਵੀ ਤੇ ਕਿਸੇ ਥਾਂ ਵੀ ਮਾੜੀ ਜਿਹੀ ਚਿੰਗਾੜੀ ਵੱਡੇ ਭਾਂਬੜ ਦਾ ਕਾਰਨ ਬਣ ਸਕਦੀ ਹੈ। ਇਸ ਵਾਰੀ ਦੰਗਿਆਂ ਦੇ ਪਿੱਛੇ ਉਸ ਵੇਲੇ ਤੋਂ ਪੈਦਾ ਕੀਤੇ ਜਾਂਦੇ ਰਹੇ ਹਾਲਾਤ ਵੀ ਕਾਰਨ ਬਣੇ ਸਮਝੇ ਜਾਂਦੇ ਹਨ, ਪਰ ਇਹ ਗੱਲ ਰਾਜਨੀਤੀ ਦੇ ਅਜੋਕੇ ਧਨੰਤਰ ਨਹੀਂ ਮੰਨਦੇ।

ਰਾਜਨੀਤੀ ਦੇ ਧਨੰਤਰ ਮੰਨਦੇ ਨਹੀਂ ਤੇ ਕਦੀ ਉਹ ਮੰਨਣਗੇ ਵੀ ਨਹੀਂ। ਪੁਰਾਣੇ ਸਮੇਂ ਵਿੱਚ ਜਦੋਂ ਰਾਜ-ਗੱਦੀ ਲਈ ਰਾਜੇ ਅਤੇ ਰਾਜ-ਪਰਵਾਰ ਆਪੋ ਵਿੱਚ ਲੜਿਆ ਕਰਦੇ ਸਨ, ਉਹ ਵੀ ਬਹੁਤੀ ਵਾਰੀ ਆਪਣੀ ਲੜਾਈ ਨੂੰ ਦੇਸ਼ ਤੇ ਧਰਮ ਦੀ ਪੁੱਠ ਚਾੜ੍ਹ ਕੇ ਉਸ ਲਈ ਕੁਰਬਾਨੀਆਂ ਦੇਣਵਾਸਤੇ ਆਮ ਲੋਕਾਂ ਨੂੰ ਅੱਗੇ ਕਰਦੇ ਹੁੰਦੇ ਸਨ। ਸੰਸਾਰ ਵਿੱਚ ਜਿੰਨਾ ਖ਼ੂਨ ਧਰਮ ਦਾ ਨਾਂਅ ਵਰਤ ਕੇ ਹੁੰਦੀਆਂ ਜੰਗਾਂ ਵਿੱਚ ਵਗਾਇਆ ਗਿਆ ਹੈ, ਇਤਹਾਸ ਉਸ ਦਾ ਗਵਾਹ ਤਾਂ ਹੈ, ਪਰ ਨਾਲ ਇਹ ਚੇਤਾ ਵੀ ਕਰਾਉਂਦਾ ਹੈ ਕਿ ਗੱਦੀ ਲਈ ਧਰਮ ਦੇ ਨਾਂਅ ਉੱਤੇ ਜੰਗ ਕਰਵਾਉਣ ਦਾ ਕੋਈ ਮਿਥਿਆ ਹੋਇਆ ਸਮਾਂ ਕਦੇ ਨਹੀਂ ਹੁੰਦਾ, ਇਹ ਖ਼ੂਨੀ ਖੇਡ ਕਿਸੇ ਵੀ ਸਦੀ ਵਿੱਚ ਕਿਸੇ ਥਾਂ ਦੁਹਰਾਈ ਜਾ ਸਕਦੀ ਹੈ। ਭਾਰਤ ਵੀ ਇਸ ਵੇਲੇ ਫਿਰ ਏਦਾਂ ਦੀਆਂ ਖੇਡਾਂ ਦਾ ਅਖਾੜਾ ਬਣਦਾ ਨਜ਼ਰ ਆਉਂਦਾ ਹੈ। ਮਨੀਪੁਰ ਵਿੱਚ ਲੜਾਈ ਕਬੀਲਿਆਂ ਦੇ ਟਕਰਾਅ ਹੋਣ ਦੀ ਬਣਾਈ ਗਈ ਹੈ, ਹਰਿਆਣੇ ਵਿੱਚ ਦੋ ਧਾਰਮਿਕ ਭਾਈਚਾਰਿਆਂ ਦੇ ਟਕਰਾਅ ਦੀ, ਪਰ ਅਗਲੇ ਦਿਨਾਂ ਵਿੱਚ ਜੇ ਦੋ ਰਾਜਾਂ ਦੇ ਲੋਕਾਂ ਦੀ ਖੇਤਰਵਾਦੀ ਲੜਾਈ ਕਿਸੇ ਥਾਂ ਏਦਾਂ ਦਾ ਚੰਦ ਚਾੜ੍ਹ ਦੇਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ। ਜਦੋਂ ਗੱਦੀ ਦੀ ਲੋੜ ਹੈ ਤੇ ਗੱਦੀ ਦੀ ਦੌੜ ਵਾਲੀ ਖੇਡ ਵਿੱਚ ਕੋਈ ਨਿਯਮ-ਅਸੂਲ ਵੀ ਪੱਕਾ ਨਹੀਂ ਤਾਂ ਜਿਸ ਆਗੂ ਦੀ ਜਿੰਨੀ ਲੋੜ ਹੈ, ਉਹ ਉਸ ਮੁਤਾਬਕ ਚਾਲਾਂ ਚੱਲਣ ਲਈ ਯਤਨ ਕਰ ਸਕਦਾ ਹੈ। ਏਦਾਂ ਦੀਆਂ ਚਾਲਾਂ ਚੱਲਣ ਵਾਲੇ ਜਿਹੜੀ ਗੱਲ ਜਾਣਦੇ ਨਹੀਂ, ਜਾਂ ਜਾਣ ਕੇ ਅਣਗੌਲੀ ਕਰਦੇ ਹਨ, ਉਹ ਇਹ ਹੈ ਕਿ ਕੋਈ ਵੀ ਜੰਗ ਦੇਸ਼ਾਂ ਦੀ ਹੋਵੇ ਜਾਂ ਧਰਮਾਂ ਦੀ, ਕਬੀਲਿਆਂ ਦੀ ਹੋਵੇ ਜਾਂ ਖੇਤਰਾਂ ਦੀ, ਜਦੋਂ ਇੱਕ ਵਾਰੀ ਛਿੜ ਪਵੇ, ਫਿਰ ਜੰਗਲ ਦੀ ਅੱਗ ਵਾਂਗ ਕੰਟਰੋਲ ਵਿੱਚ ਰੱਖਣੀ ਸੰਭਵ ਨਹੀਂ ਰਹਿੰਦੀ, ਇਹ ਹੋਰ ਅੱਗੇ ਵਧ ਕੇ ਚੁਆਤੀ ਲਾਉਣ ਵਾਲਿਆਂ ਦੇ ਆਪਣੇ ਕੁੱਲੇ ਫੂਕਣ ਤੱਕ ਜਾ ਸਕਦੀ ਹੈ। ਇਤਹਾਸ ਵਿੱਚ ਏਦਾਂ ਦੀਆਂ ਕਈ ਮਿਸਾਲਾਂ ਹਨ ਕਿ ਜਿਨ੍ਹਾਂ ਨੇ ਇਹ ਚੁਆਤੀ ਲਾ ਕੇ ਤਾੜੀਆਂ ਮਾਰਨ ਦਾ ਯਤਨ ਕੀਤਾ ਸੀ, ਆਪਣੇ ਘਰ ਤੇ ਘਰਾਂ ਦੇ ਜੀਅ ਨਹੀਂ ਸਨ ਬਚਾ ਸਕੇ। ਇਹ ਸਭ ਕੁਝ ਪਿੱਛੇ ਵੀ ਹੁੰਦਾ ਰਿਹਾ ਹੈ ਅਤੇ ਅੱਗੋਂ ਵੀ ਕਦੀ ਹੋ ਸਕਦਾ ਹੈ।

Tech Spirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 32-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Call: 204-510-7658 or 437-881-7282

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਪੰਜਾਬ ਸਪੋਰਟਸ ਕਲੱਬ ਵੱਲੋਂ ਕੈਮਲੂਪਸ ਵਿੱਚ 39ਵਾਂ ਸ਼ਾਨਦਾਰ ਟੂਰਨਾਮੈਂਟ












"ਪੰਜਾਬ ਪੰਜਾਬੀ ਪੰਜਾਬੀਅਤ : ਜ਼ਿੰਦਾਬਾਦ!"; "ਦੋਸਤੀ ਪਹਿਲਾਂ, ਮੁਕਾਬਲਾ ਪਿੱਛੋਂ (ਢਰਇਨਦਸਹਪਿ ਢਰਿਸਟ, ਛੋਮਪਟਟਿੋਨਿ ਸ਼ਣਚੋਨਦ)" ਅਤੇ "ਸਿਹਤਮੰਦ ਸਰੀਰ, ਸਿਹਤਮੰਦ ਮਨ (ਅ ਸੁੋਨਦ ਮਨਿਦ ਲਵਿਇਸ ਨਿ ਓ ਸੁੋਨਦ ਬੋਦੇ)" ਵਰਗੇ ਸਿਹਤਮੰਦ ਉਦੇਸ਼ਾਂ ਨੂੰ ਪਰਣਾਇਆ ਹੋਇਆ, ਪੰਜਾਬ ਸਪੋਰਟਸ ਕਲੱਬ ਕੈਮਲੂਪਸ, ਬੀ. ਸੀ., ਕੈਨੇਡਾ ਦਾ ਸਾਲਾਨਾ ਟੂਰਨਾਮੈਂਟ 22-23 ਜੁਲਾਈ (ਸਨਿੱਚਰਵਾਰ-ਐਤਵਾਰ) 2023 ਨੂੰ ਮਕਾਰਥਰ ਆਈਲੈਂਡ ਪਾਰਕ ਦੇ ਖੁੱਲ੍ਹੇ ਡੁੱਲ੍ਹੇ ਖੇਡ-ਮੈਦਾਨਾਂ ਵਿੱਚ ਧੂਮਧਾਮ ਨਾਲ਼ ਕਰਵਾਇਆ ਗਿਆ। ਟੂਰਨਾਮੈਂਟ ਨੂੰ ਘੱਟੋ ਘੱਟ ਪੰਜ ਸੌ ਦੇ ਕਰੀਬ ਦਰਸ਼ਕਾਂ ਨੇ ਥਾਮਸਨ ਦਰਿਆ ਦੇ ਕਿਨਾਰੇ ਵਿਸ਼ਾਲ ਖੇਡ-ਮੈਦਾਨਾਂ ਵਿੱਚ ਦੇਖਿਆ ਅਤੇ ਮਾਣਿਆਂ। ਦਰਸ਼ਕਾਂ ਦੇ ਨਾਲ਼ ਨਾਲ਼ ਕੂੰਜਾਂ ਦੀਆਂ ਡਾਰਾਂ, ਸੰਗੀਤਮਈ ਕਿਲਕਾਰੀਆਂ ਨਾਲ਼ ਖਿਡਾਰੀਆਂ ਨੂੰ ਸਲਾਮ ਕਰ ਰਹੀਆਂ ਜਾਪਦੀਆਂ ਸਨ!

ਇਸ ਸ਼ਾਨਦਾਰ ਟੂਰਨਾਮੈਂਟ ਵਿੱਚ ਕੈਮਲੂਪਸ ਤੋਂ ਇਲਾਵਾ ਕਲੋਨਾ, ਸਰ੍ਹੀ ਅਤੇ ਐਬਸਫੋਰਡ ਸ਼ਹਿਰਾਂ ਦੀਆਂ ਟੀਮਾਂ ਨੇ ਵੀ ਭਾਗ ਲਿਆ। ਕੈਮਲੂਪਸ ਇਲਾਕੇ ਵਿੱਚ ਜੰਗਲ ਦੀ ਅੱਗ ਜਾਂ ਕੋਵਿਡ ਮਹਾਂਮਾਰੀ ਨਾਲ ਸੰਬੰਧਤ ਸੰਕਟ ਦੇ ਕੁਝ ਕੁ ਵਰ੍ਹਿਆਂ ਨੂੰ ਛੱਡ ਕੇ, ਪੰਜਾਬ ਸਪੋਰਟਸ ਕਲੱਬ ਕੈਮਲੂਪਸ, 1984 ਤੋਂ ਲੈ ਕੇ ਹੁਣ ਤੱਕ ਪਿਛਲੇ 39 ਸਾਲਾਂ ਤੋਂ ਕੈਮਲੂਪਸ ਇਲਾਕਾ ਨਿਵਾਸੀਆਂ ਦਾ ਮਨੋਰੰਜਨ ਵੀ ਕਰ ਰਹੀ ਹੈ, ਅਤੇ ਨਵੀਂ ਪੀੜ੍ਹੀ ਦੇ ਨਾਲ਼ ਨਾਲ਼ 3-4 ਸਾਲ ਦੇ ਬੱਚਿਆਂ ਤੋਂ ਲੈ ਕੇ ਸੱਤਰਵਿਆਂ ਨੂੰ ਪਾਰ ਕਰ ਰਹੀ ਪੀੜ੍ਹੀ ਤੱਕ ਨੂੰ, ਸਰੀਰਕ ਅਤੇ ਮਾਨਸਿਕ ਤਾਕਤ ਦੀ ਮਹੱਤਤਾ ਦੇ ਅਹਿਸਾਸ ਨਾਲ਼ ਵੀ ਲਗਾਤਾਰ ਜੋੜ ਰਹੀ ਹੈ।

ਖੇਡਾਂ ਦੇ ਨਾਲ਼ ਨਾਲ਼, ਦੋਵੇਂ ਦਿਨ ਪੰਜਾਬ ਸਪੋਰਟਸ ਕਲੱਬ ਕੈਮਲੂਪਸ ਦੀ ਮਹਿਮਾਨ ਨਿਵਾਜ਼ੀ ਦਾ ਜਲੌਅ ਵੀ ਪੂਰੇ ਜੋਬਨ 'ਤੇ ਸੀ। ਦੋਵੇਂ ਦਿਨ ਦਰਸ਼ਕਾਂ ਨੇ ਪਰਸ਼ਾਦਿਆਂ, ਮਿੱਠੀਆਂ ਸੇਵੀਆਂ, ਮਿੱਠੇ ਚੌਲਾਂ, ਨਮਕੀਨ ਚੌਲਾਂ, ਦਾਲ਼, ਸ਼ਬਜ਼ੀ, ਕੜ੍ਹੀ, ਬੇਸਣ, ਜਲੇਬੀਆਂ, ਕੇਲਿਆਂ, ਬਰਫ਼ ਵਾਲੇ ਠੰਢੇਠਾਰ ਪਾਣੀ ਅਤੇ ਤੱਤੀ ਤੱਤੀ ਚਾਹ ਦਾ ਵੀ ਭਰਪੂਰ ਅਨੰਦ ਮਾਣਿਆਂ। ਖਾਣੇ ਦੀ ਇਸ ਸੇਵਾ ਵਿੱਚ, ਹਰ ਸਾਲ ਗੁਪਤ ਸੇਵਾ ਕਰਨ ਵਾਲੇ ਪਰਿਵਾਰਾਂ ਦੀ ਸੇਵਾ ਤੋਂ ਇਲਾਵਾ, ਕੈਮਲੂਪਸ ਦੀਆਂ ਬੀਬੀਆਂ ਅਤੇ ਕੈਂਬ੍ਰਿਜ਼ ਗੁਰੂ ਘਰ ਵਾਲੀ ਸਿੱਖ ਕਲਚਰਲ ਸੁਸਾਇਟੀ (ਕੈਮਲੂਪਸ) ਦੀਆਂ ਨਿਸ਼ਕਾਮ ਸੇਵਾਵਾਂ ਅਤੇ ਮਾਣ-ਸਤਿਕਾਰ ਵੀ ਸ਼ਾਮਲ ਸੀ।

ਖੇਡਾਂ ਦੇ ਨਤੀਜੇ ਇਸ ਪਰਕਾਰ ਹਨ:

- ਸੌਕਰ ਓਪਨ:
  ਨੈੱਟ 6 ਐਂਡ ਚਿਲ, ਕੈਮਲੂਪਸ (ਪਹਿਲਾ ਸਥਾਨ),
  ਬੀ. ਸੀ. ਟਾਈਗਰਜ਼, ਸਰ੍ਹੀ (ਦੂਜਾ ਸਥਾਨ)
- ਸੌਕਰ (ਓਵਰ 40):
  ਕੈਮਲੂਪਸ (ਪਹਿਲਾ ਸਥਾਨ), ਐਬਸਫੋਰਡ (ਦੂਜਾ ਸਥਾਨ)
- ਲੇਡੀਜ਼ ਓਪਨ ਸੌਕਰ:
  ਕੈਮਲੂਪਸ ਇੰਡੋ ਫਰਨੋ (ਪਹਿਲਾ ਸਥਾਨ),
  ਕੈਮਲੂਪਸ ਵਿਮਨ'ਜ਼ ਲੀਗ ਐੱਫ. ਸੀ. (ਦੂਜਾ ਸਥਾਨ)
- ਵਾਲੀਬਾਲ:
  ਕੈਮਲੂਪਸ ਵਾਲੀਬਾਲ ਕਲੱਬ (ਪਹਿਲਾ ਸਥਾਨ),
  ਕੈਮਲੂਪਸ ਮਾਲਵਾ ਬੈਲਟ (ਦੂਜਾ ਸਥਾਨ)
- ਰੱਸਾਕਸ਼ੀ (ਮਰਦ):
  ਕੈਮਲੂਪਸ ਕੈਮੀ ਕੈਬਜ਼ (ਪਹਿਲਾ ਸਥਾਨ),
  ਕੈਮਲੂਪਸ ਮਾਲਵਾ ਬੈਲਟ (ਦੂਜਾ ਸਥਾਨ)
- ਰੱਸਾਕਸ਼ੀ (ਔਰਤਾਂ):
  ਕੈਮਲੂਪਸ ਯੰਗ ਗਰਲਜ਼ (ਪਹਿਲਾ ਸਥਾਨ),
  ਪੰਜਾਬ ਦੀਆਂ ਜੱਟੀਆਂ (ਦੂਜਾ ਸਥਾਨ)
- ਰੱਸਾਕਸ਼ੀ (ਬੱਚੇ, ਅੰਡਰ 16):
  ਕੈਮਲੂਪਸ ਬੁਆਇਜ਼ (ਪਹਿਲਾ ਸਥਾਨ), ਕੈਮਲੂਪਸ ਗਰਲਜ਼ (ਦੂਜਾ ਸਥਾਨ)

## ਦੌੜਾਂ ਦੇ ਨਤੀਜੇ:

ਵੰਨ-ਸੁਵੰਨੀਆਂ ਵੀਹ ਦੌੜਾਂ ਵਿੱਚ ਵਹਰ ਵੰਨਗੀ ਦੇ ਦਰਸ਼ਕਾਂ ਨੇ ਵੱਧ ਚੜ੍ਹ ਕੇ ਭਾਗ ਲਿਆ।

ਦੌੜਾਂ ਦੇ ਜੇਤੂਆਂ ਦੇ ਨਾਮ ਇਹ ਹਨ :

- ਅੰਡਰ 5 ਮਿਕਸਡ: ਬੋਆਜ਼ ਹੈਂਗਹੋਫ਼ਰ, ਕੈਲਵਿਨ ਪਤਾਰਾ, ਜ਼ਾਇਨ ਹੈਂਗਹੋਫ਼ਰ
- ਅੰਡਰ 6 ਮਿਕਸਡ: ਜਸ਼ਨ ਵੜੈਚ, ਜੈਆ ਖੇਲੇ, ਬੋਆਜ਼ ਹੈਂਗਹੋਫ਼ਰ
- ਅੰਡਰ 8 ਲੜਕੀਆਂ: ਪਵਨੀਤ ਰੰਧਾਵਾ, ਜਸਮੀਨ ਝੁੱਟੀ, ਰੀਆ ਬੈਂਸ
- ਅੰਡਰ 8 ਲੜਕੇ: ਫ਼ਤਿਹ ਤੂਰ, ਰਣਵੀਰ ਰੁਪਲ, ਜਸ਼ਨ ਵੜੈਚ
- ਅੰਡਰ 10 ਲੜਕੀਆਂ: ਪਵਨੀਤ ਰੰਧਾਵਾ, ਈਵਾ ਚਾਹਲ, ਗੁਰੂਏਕਮ ਤੇਜਾ
- ਅੰਡਰ 10 ਲੜਕੇ: ਫ਼ਤਿਹ ਤੂਰ, ਅਰਵਿਨ ਥਿਆੜਾ, ਆਰੀਅਨ ਧਾਲੀਵਾਲ
- ਅੰਡਰ 12 ਲੜਕੀਆਂ: ਰੀਆ ਬੋਪਾਰ-ਏ, ਅੰਮ੍ਰਿਤ ਚਾਹਲ, ਅਵਾਨੀ ਧਾਲੀਵਾਲ
- ਅੰਡਰ 12 ਲੜਕੇ: ਹੇਡਨ ਗਿੱਲ, ਅਰਵਿਨ ਥਿਆੜਾ, ਗਨਵੀਰ ਰੰਧਾਵਾ
- ਅੰਡਰ 14 ਲੜਕੀਆਂ: ਪੁਨੀਤ ਹੇਅਰ, ਰੀਆ ਬੋਪਾਰਾਏ, ਸਾਇਆ ਮਾਂਗਟ
- ਅੰਡਰ 14 ਲੜਕੇ: ਜਗਜੋਤ ਅਟਵਾਲ, ਅਰਵਿਨ ਥਿਆੜਾ, ਹੇਡਨ ਗਿੱਲ
- ਅੰਡਰ 16 ਲੜਕੇ: ਸਨਵੀਰ ਅਟਵਾਲ, ਜਗਜੋਤ ਅਟਵਾਲ, ਅਰਵਿਨ ਥਿਆੜਾ
- ਮਰਦ (ਓਪਨ): ਕਰਮਵੀਰ ਚਾਹਲ, ਰਾਜਨ ਢਿੱਲੋਂ, ਜੇਸਨ ਹੋਠੀ
- ਗਰਲਜ਼ (ਓਪਨ): ਅੰਜਲੀ ਹੀਰ, ਸ਼ਰਨਜੀਤ ਸੰਘਾ, ਅਵਾਨੀ ਧਾਲੀਵਾਲ
- ਮਰਦ (ਓਵਰ 40): ਸਤਨਾਮ ਮਿਨ-ਹਾਸ, ਦਰਸ਼ਨ ਗਿੱਲ, ਬਾਬੂ ਰਾਮ
- ਔਰਤਾਂ (ਓਵਰ 30): ਕੁਲਦੀਪ ਝੁੱਟੀ, ਮਨਦੀਪ ਘੱਗ, ਅਮਨ ਚਾਹਲ
- ਮਰਦ (ਓਵਰ 60): ਸਤਨਾਮ ਮਿਨ-ਹਾਸ, ਪਿਆਰਾ ਸਮਰਾ, ਪਰਮਜੀਤ ਬਿਨੈਪਾਲ

- ਔਰਤਾਂ (ਤਿੰਨ-ਟੰਗੀ ਦੌੜ, ਓਪਨ):
  ਈਵਾ ਚਾਹਲ ਅਤੇ ਟਾਮਾ ਚਾਹਲ (ਪਹਿਲਾ ਸਥਾਨ)
  ਅਮਨਦੀਪ ਕੌਰ ਅਤੇ ਜਸਮੀਨ ਥਿਆੜਾ (ਦੂਜਾ ਸਥਾਨ)
  ਰੀਆ ਬੋਪਾਰਾਏ ਅਤੇ ਸਾਇਆ ਮਾਂਗਟ (ਤੀਜਾ ਸਥਾਨ)
- ਮਰਦ (ਤਿੰਨ-ਟੰਗੀ ਦੌੜ, ਓਪਨ):
  ਐੱਸ. ਕੰਗ ਅਤੇ ਜੇਸ਼ਨ ਹੋਠੀ (ਪਹਿਲਾ ਸਥਾਨ)
  ਗਨਵੀਰ ਰੰਧਾਵਾ ਅਤੇ ਅਰਵਿਨ ਥਿਆੜਾ (ਦੂਜਾ ਸਥਾਨ)
  ਫ਼ਤਿਹ ਤੂਰ ਅਤੇ ਸ਼ਾਨ ਮਾਂਗਟ (ਤੀਜਾ ਸਥਾਨ)
- ਔਰਤਾਂ (ਤਿੰਨ-ਟੰਗੀ ਦੌੜ, ਓਵਰ 30):
  ਅਮਨ ਚਾਹਲ ਅਤੇ ਰਾਜ ਚਾਹਲ (ਪਹਿਲਾ ਸਥਾਨ)
  ਪਰਮਿੰਦਰ ਕੁਲਾਰ ਅਤੇ ਰੂਪੀ ਤੂਰ (ਦੂਜਾ ਸਥਾਨ)
  ਮਨਦੀਪ ਘੱਗ ਅਤੇ ਅਮਨਦੀਪ ਰੰਧਾਵਾ (ਤੀਜਾ ਸਥਾਨ)

- ਮਰਦ (ਤਿੰਨ-ਟੰਗੀ ਦੌੜ, ਓਵਰ 40):
  ਸਤਨਾਮ ਮਿਨਹਾਸ ਅਤੇ ਪਰਮਜੀਤ ਬਿਨੈਪਾਲ (ਪਹਿਲਾ ਸਥਾਨ)
  ਮਨਜਿੰਦਰ ਰੰਧਾਵਾ ਅਤੇ ਗੁਰਪ੍ਰੀਤ ਹੇਅਰ (ਦੂਜਾ ਸਥਾਨ)
  ਦਰਸ਼ਨ ਗਿੱਲ ਅਤੇ ਮਨਦੀਪ ਤੇਜਾ (ਤੀਜਾ ਸਥਾਨ)

ਹੋ ਸਕਦਾ ਹੈ ਕਿ ਕੁੱਝ ਜੇਤੂ ਖਿਡਾਰੀਆਂ ਦੇ ਨਾਮ ਪ੍ਰਬੰਧਕੀ ਊਣਤਾਈਆਂ ਕਰਕੇ ਦਰਜ ਹੋਣੋ ਰਹਿ ਗਏ ਹੋਣ, ਜਾਂ ਅਧੂਰੇ ਦਰਜ ਹੋਏ ਹੋਣ, ਜਾਂ ਹੋ ਸਕਦਾ ਹੈ ਗ਼ਲਤ ਦਰਜ ਹੋ ਗਏ ਹੋਣ! ਕਿਰਪਾ ਕਰਕੇ ਪੰਜਾਬ ਸਪੋਰਟਸ ਕਲੱਬ ਕੈਮਲੂਪਸ ਦੇ ਧਿਆਨ ਵਿੱਚ ਲਿਆ ਦਿੱਤੇ ਜਾਣ। ਮਹੀਨਾਵਾਰ ਮੈਗਜ਼ੀਨ ਪੰਜਾਬੀ ਬੁਲੇ-ਟਿਨ ਦੇ ਅਗਾਊਂ ਅੰਕਾਂ ਵਿੱਚ ਪ੍ਰਕਾਸ਼ਿਤ ਕਰ ਦਿੱਤੇ ਜਾਣਗੇ।

ਪੰਜਾਬ ਸਪੋਰਟਸ ਕਲੱਬ ਕੈਮਲੂਪਸ ਵੱਲੋਂ ਕੈਮਲੂਪਸ ਸ਼ਹਿਰ ਦੇ, ਸਦਾ ਲਈ ਵਿੱਛੜੇ ਨਾਮਵਰ ਖਿਡਾਰੀਆਂ ਨਰਿੰਦਰ ਗਿੱਲ ਅਤੇ ਮਨਦੀਪ ਗਿੱਲ ਦੀ ਯਾਦ ਵਿੱਚ, ਟੂਰਨਾਮੈਂਟ ੰਫ਼ਫ ਅਤੇ ਫ਼ਾਈਨਲ ੰਫ਼ਫ ਟਰਾਫ਼ੀਆਂ ਦੀ ਸਥਾਪਨਾ ਕਰਨ ਲਈ ਗਿੱਲ ਪਰਿਵਾਰ ਦਾ ਧੰਨਵਾਦ ਕੀਤਾ ਜਾਂਦਾ ਹੈ। ਇਸ ਸਾਲ ਟੂਰਨਾਮੈਂਟ ੰਫ਼ਫ ਅਤੇ ਫ਼ਾਈਨਲ ੰਫ਼ਫ ਟਰਾਫ਼ੀਆਂ ਦੇ ਜੇਤੂ ਖਿਡਾਰੀਆਂ ਦੇ ਨਾਮ ਹਨ: ਲੋਗਨ ਜ਼ਿਮਰਮੈਨ ਅਤੇ ਕੂਰੋ ਗਬੋਂ।


ਪੰਜਾਬ ਸਪੋਰਟਸ ਕਲੱਬ ਕੈਮਲੂਪਸ ਵੱਲੋਂ ਮਹੀਨਾਵਾਰ ਮੈਗਜ਼ੀਨ ਪੰਜਾਬੀ ਬੁਲੇਟਿਨ ਦਾ, ਜੂਨ ਅਤੇ ਜੁਲਾਈ 2023 ਦੇ ਅੰਕਾਂ ਵਿੱਚ ਟੂਰਨਾਮੈਂਟ ਦਾ ਪੂਰੇ ਸਫ਼ੇ ਦਾ ਇਸ਼ਤਿਹਾਰ ਮੁਫ਼ਤ ਛਾਪਣ ਲਈ, ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ। ਦਰਸ਼ਕਾਂ, ਖਿਡਾਰੀਆਂ, ਰੈਫਰੀਆਂ, ਵਲੰਟੀਅਰਾਂ ਦੇ ਨਾਲ਼ ਨਾਲ਼, ਦਿਲ ਖੋਲ੍ਹ ਕੇ ਮਾਇਕ ਸਹਾਇਤਾ ਦੇਣ ਵਾਲੇ ਸਾਰੇ ਦਾਨੀ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਟੂਰਨਾਮੈਂਟ ਦੇ ਇਸ ਵਿਸ਼ਾਲ ਕਾਰਜ ਨੂੰ ਨਿਰਵਿਘਨ ਨੇਪਰੇ ਚੜ੍ਹਾਉਣ ਲਈ ਕੈਮਲੂਪਸ ਦੇ ਸਮੁੱਚੇ ਭਾਈਚਾਰੇ ਨੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ। ਪੰਜਾਬ ਸਪੋਰਟਸ ਕਲੱਬ ਕੈਮਲੂਪਸ ਦੀ ਦਸ-ਮੈਂਬਰੀ ਟੀਮ (ਓਂਕਾਰ ਸਿੰਘ ਗਿੱਲ, ਕੁਲਵਿੰਦਰ ਸਿੰਘ ਕੁਲਾਰ, ਚੰਚਲ ਸਿੰਘ ਬੈਂਸ, ਜਰਨੈਲ ਸਿੰਘ ਗਿੱਲ, ਗੁਰਮੇਲ ਸਿੰਘ ਹੋਠੀ, ਗੁਰਮੀਤ ਸਿੰਘ ਬਦੇਸ਼ਾ, ਅਜਮੇਰ ਸਿੰਘ, ਸਤਨਾਮ ਸਿੰਘ ਬੈਂਸ, ਗੁਰਦਿਆਲ ਸਿੰਘ ਥਿਆੜਾ ਅਤੇ ਡਾ. ਸੁਰਿੰਦਰ ਧੰਜਲ) ਸਾਰੇ ਸਹਿਯੋਗੀ ਮਿੱਤਰ ਪਿਆਰਿਆਂ ਦਾ ਹਾਰਦਿਕ ਧੰਨਵਾਦ ਕਰਦੀ ਹੈ।

ਕੁਲਵਿੰਦਰ ਸਿੰਘ ਕੁਲਾਰ
(250-376-8285)



















FRESH & LARGE VARIETY
BREAD, DAIRY & EGGS
BRANDED FOODS
FRUITS & VEGETABLES
BEVERAGES &
CONFECTIONERY
GROCERY & STAPLES
SWEET & SAMOSAS

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

621 Wanless drive, # 122
Brampton ON L7A 0A9
905-495-3336

80 Pertosa Drive
Brampton ON L5X-5E9
905-460-0009

2120 North park Drive
Brampton ON L6S 0C9
905-793-1338

21 Lacoste Blvd,
Brampton, ON L6P 2K2
905 794-8109

1075 Ceremonial Drive
Mississauga ON L5R 2Z4
905-502-1600

10510 Torbram Road,
Brampton
905-790-0030

10 Pannahill Dr,
Brampton
905 913-8017